Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 75 | 25/07/2025 | www.samajweekly.com | samajweekly | @samajweekly | samajweekly

# ਮੁੰਬਈ ਟ੍ਰੇਨ ਬੰਬ ਧਮਾਕੇ ਮਾਮਲੇ ਸੁਪਰੀਮ ਕੋਰਟ ਨੇ ਸਾਰੇ 12 ਮੁਲਜ਼ਮਾਂ ਨੂੰ ਬਰੀ ਕਰਨ 'ਤੇ ਲਗਾਈ ਰੋਕ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਵੀਰਵਾਰ ਨੂੰ 2006 ਦੇ ਮੁੰਬਈ ਟ੍ਰੇਨ ਬੰਬ ਧਮਾਕੇ ਮਾਮਲੇ ਦੇ ਸਾਰੇ 12 ਦੋਸ਼ੀਆਂ ਨੂੰ ਬਰੀ ਕਰਨ ਦੇ ਬੰਬੇ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ। ਜਸਟਿਸ ਐਮਐਮ ਸੁੰਦਰੇਸ਼ ਅਤੇ ਐਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਮਾਮਲੇ ਦੇ ਸਾਰੇ ਦੋਸ਼ੀਆਂ ਨੂੰ ਨੋਟਿਸ ਜਾਰੀ ਕੀਤੇ ਅਤੇ ਰਾਜ ਸਰਕਾਰ ਦੀ ਅਪੀਲ 'ਤੇ ਉਨ੍ਹਾਂ ਤੋਂ ਜਵਾਬ ਮੰਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਨੂੰ ਇੱਕ ਮਿਸਾਲ ਨਹੀਂ ਮੰਨਿਆ ਜਾਣਾ ਚਾਹੀਦਾ। ਹਾਈ ਕੋਰਟ ਦੇ ਜਸਟਿਸ ਅਨਿਲ ਕਿਲੋਰ ਅਤੇ ਸ਼ਿਆਮ ਚੰਦਕ ਦੀ ਵਿਸ਼ੇਸ਼ ਬੈਂਚ ਨੇ ਸੋਮਵਾਰ ਨੂੰ ਸਾਰੇ 12 ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸਤਗਾਸਾ ਪੱਖ ਕੇਸ ਸਾਬਤ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ ਅਤੇ "ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ ਦੋਸ਼ੀਆਂ ਨੇ ਅਪਰਾਧ ਕੀਤਾ ਹੈ"। ਵਿਸ਼ੇਸ਼ ਅਦਾਲਤ ਨੇ ਇਨ੍ਹਾਂ 12 ਦੋਸ਼ੀਆਂ ਵਿੱਚੋਂ ਪੰਜ ਨੂੰ ਮੌਤ ਦੀ ਸਜ਼ਾ ਅਤੇ ਸੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਮੌਤ ਦੀ ਸਜ਼ਾ ਪਾਉਣ ਵਾਲੇ ਇੱਕ ਦੋਸ਼ੀ ਦੀ 2021 ਵਿੱਚ ਮੌਤ ਹੋ ਗਈ। 11 ਜੁਲਾਈ, 2006 ਨੂੰ ਮੁੰਬਈ ਲੋਕਲ ਟ੍ਰੇਨਾਂ ਵਿੱਚ ਵੱਖ-ਵੱਖ ਥਾਵਾਂ 'ਤੇ ਹੋਏ ਸੱਤ ਧਮਾਕਿਆਂ ਵਿੱਚ 180 ਤੋਂ ਵੱਧ ਲੋਕ ਮਾਰੇ ਗਏ ਸਨ। ਹਾਈ ਕੋਰਟ ਨੇ 2015 ਵਿੱਚ ਇੱਕ ਵਿਸ਼ੇਸ਼ ਅਦਾਲਤ ਦੁਆਰਾ ਦੋਸ਼ੀ ਠਹਿਰਾਏ ਜਾਣ ਅਤੇ ਸਜ਼ਾ ਨੂੰ ਚੁਣੌਤੀ ਦੇਣ ਵਾਲੀਆਂ ਦੋਸ਼ੀਆਂ ਦੀਆਂ ਅਪੀਲਾਂ ਨੂੰ ਸਵੀਕਾਰ ਕਰ ਲਿਆ ਸੀ।



## WWE ਪਹਿਲਵਾਨ ਹਲਕ ਹੋਗਨ ਦਾ ਦੇਹਾਂਤ, 71 ਸਾਲ ਦੀ ਉਮਰ 'ਚ ਲਿਆ ਆਖਰੀ ਸਾਹ

ਪੇਸ਼ੇਵਰ ਕੁਸ਼ਤੀ ਦੇ ਸੁਪਰਸਟਾਰ ਅਤੇ ਮਸ਼ਹੂਰ ਪਹਿਲਵਾਨ ਹਲਕ ਹੋਗਨ ਦਾ ਦੇਹਾਂਤ ਹੋ ਗਿਆ ਹੈ। ਵਰਲਡ ਰੈਸਲਿੰਗ ਐਂਟਰਟੇਨਮੈਂਟ ਦੇ ਸਭ ਤੋਂ ਵੱਡੇ ਸਿਤਾਰਿਆਂ ਵਿੱਚੋਂ ਇੱਕ, ਹੋਗਨ ਦਾ 71 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਅਮਰੀਕੀ ਮੀਡੀਆ ਰਿਪੋਰਟਾਂ ਦੇ ਅਨੁਸਾਰ ਹਲਕ ਹੋਗਨ ਨੇ ਵੀਰਵਾਰ 24 ਜੁਲਾਈ ਨੂੰ ਆਖਰੀ ਸਾਹ ਲਿਆ। ਹੋਗਨ ਦੇ ਦੇਹਾਂਤ ਨਾਲ WWE ਭਾਈਚਾਰੇ ਅਤੇ ਪ੍ਰਸ਼ੰਸਕਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ ਅਤੇ ਹਰ ਕੋਈ ਸ਼ਰਧਾਂਜਲੀ ਦੇ ਰਿਹਾ ਹੈ। ਹੋਗਨ WWE ਦੇ ਇਤਿਹਾਸ ਦੇ ਸਭ ਤੋਂ ਸਫਲ ਚਿਹਰਿਆਂ ਵਿੱਚੋਂ ਇੱਕ ਸੀ ਤੇ ਉਹਨਾਂ ਸਭ ਤੋਂ ਵੱਡੇ ਚਿਹਰਿਆਂ ਵਿੱਚੋਂ ਇੱਕ ਸਨ ਉਨ੍ਹਾਂ ਦੁਨੀਆ ਭਰ ਵਿੱਚ ਪ੍ਰਸਿੱਧ ਬਣਾਇਆ। ਅਮਰੀਕੀ ਵੈੱਬਸਾਈਟ ਠੰ.ਗ ਦੀ ਇੱਕ ਰਿਪੋਰਟ ਦੇ ਅਨੁਸਾਰ, ਹਲਕ ਹੋਗਨ ਦੀ ਮੌਤ ਉਨ੍ਹਾਂ ਦੇ ਫਲੋਰੀਡਾ ਵਾਲੇ ਘਰ ਵਿੱਚ ਹੋਈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਸੁਪਰਸਟਾਰ ਪਹਿਲਵਾਨ ਨੂੰ ਦਿਲ ਦਾ ਦੌਰਾ ਪਿਆ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਵੀਰਵਾਰ ਸਵੇਰੇ ਲਗਭਗ 9.51 ਵਜੇ, ਹਲਕ ਹੋਗਨ ਨੂੰ ਦਿਲ



ਦਾ ਦੌਰਾ ਪੈਣ ਦੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਐਮਰਜੈਂਸੀ ਰਿਸਪਾਂਸ ਟੀਮ ਤੁਰੰਤ ਉਨ੍ਹਾਂ ਦੇ ਘਰ ਪਹੁੰਚੀ, ਜਿੱਥੋਂ ਉਨ੍ਹਾਂ ਨੂੰ ਐਂਬੂਲੈਂਸ 'ਚ ਹਸਪਤਾਲ ਲਿਜਾਇਆ ਗਿਆ, ਪਰ ਹਸਪਤਾਲ ਪਹੁੰਚਦੇ ਹੀ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੋਗਨ ਦਾ ਅਸਲੀ ਨਾਮ ਟੈਰੀ ਜੀਨ ਬੋਲੀਆ ਸੀ। ਉਨ੍ਹਾਂ ਦਾ ਜਨਮ 11 ਅਗਸਤ, 1953 ਨੂੰ ਅਗਸਤਾ ਜਾਰਜੀਆ 'ਚ ਹੋਇਆ ਸੀ। ਉਨ੍ਹਾਂ ਨੇ 1977 'ਚ ਆਪਣੇ ਪੇਸ਼ੇਵਰ ਕੁਸ਼ਤੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਹੋਗਨ ਨੇ ਪੇਸ਼ੇਵਰ ਕੁਸ਼ਤੀ ਨੂੰ ਹਰ ਘਰ 'ਚ ਪਹੁੰਚਾਉਣ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ। ਉਹ ਰਿੰਗ ਵਿੱਚ ਆਪਣੇ ਸੰਵਾਦਾਂ, ਆਪਣੇ ਵੱਖ-ਵੱਖ ਤਰ੍ਹਾਂ ਦੇ ਡਰਾਮੇ ਤੇ "ਐਟੌਮਿਕ ਲੈੱਗ ਡ੍ਰੌਪ" ਅਤੇ "ਹਲਕ ਅੱਪ" ਵਰਗੀਆਂ ਸਿਗਨੇਚਰ ਮੂਵਜ਼ ਕਾਰਨ ਬੱਚਿਆਂ ਅਤੇ ਨੌਜਵਾਨਾਂ ਵਿੱਚ ਖਾਸ ਤੌਰ 'ਤੇ ਪ੍ਰਸਿੱਧ ਹੋਇਆ।

**6 ਵਾਰ ਜਿੱਤੇ ਸਨ WWE**

ਹੋਗਨ ਦਾ ਭਾਰ 130 ਕਿਲੋਗ੍ਰਾਮ ਤੇ ਕੱਦ ਲਗਭਗ ਸਾਢੇ 6 ਫੁੱਟ ਸੀ। ਉਨ੍ਹਾਂ ਨੇ ਆਪਣੇ WWE ਕਰੀਅਰ 'ਚ 6 ਵਾਰ ਂਂੳ ਚੈਂਪੀਅਨਸ਼ਿਪ ਤੇ 6 ਵਾਰ ਹੀ ਂਛਾਂ ਵਰਲਡ ਹੈਵੀਵੇਟ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ ਹੈ । ਹੋਗਨ ਨੇ ਆਪਣੇ ਪ੍ਰਸ਼ੰਸਕਾਂ ਨੂੰ 'ਹੁਲਕਮੇਨੀਆ' ਬ੍ਰਹਿਮੰਡ ਦਾ ਹਿੱਸਾ ਬਣਾਇਆ ਅਤੇ 1980 ਦੇ ਦਹਾਕੇ ਵਿੱਚ ਕਈ ਮਹਾਨ ਪਹਿਲਵਾਨਾਂ ਨੂੰ ਹਰਾ ਕੇ ਪੂਰੀ ਤਰ੍ਹਾਂ ਦਬਦਬਾ ਬਣਾਇਆ। ਉਸ ਸਮੇਂ ਦੌਰਾਨ ਂਂੳ ਵਿੱਚ ਆਂਦਰੇ ਦ ਜਾਇੰਟ, ਸਟਿੰਗ, ਦ ਅਲਟੀਮੇਟ ਵਾਰੀਅਰ ਅਤੇ ਰੈਂਡੀ ਸੇਵੇਜ ਵਰਗੇ ਪਹਿਲਵਾਨਾਂ ਨਾਲ ਹੋਗਨ ਦੀ ਦੁਸ਼ਮਣੀ ਸਭ ਤੋਂ ਮਸ਼ਹੂਰ ਕਹਾਣੀਆਂ ਵਿੱਚੋਂ ਇੱਕ ਸੀ।

## ਅਨਿਲ ਅੰਬਾਨੀ 'ਤੇ ED ਦਾ ਵੱਡਾ ਐਕਸ਼ਨ, ਕਈ ਟਿਕਾਣਿਆਂ 'ਤੇ ਛਾਪੇਮਾਰੀ



**ਨਵੀਂ ਦਿੱਲੀ ।** ਅਨਿਲ ਅੰਬਾਨੀ ਇਕ ਨਵੀਂ ਮੁਸੀਬਤ ਵਿਚ ਫਸ ਗਏ ਹਨ। ਇਨਫ਼ੋਰਸਮੈਂਟ ਡਾਇਰੈਕਟੋਰੇਟ (ED) ਨੇ ਵੀਰਵਾਰ ਨੂੰ ਅਨਿਲ ਅੰਬਾਨੀ ਸਮੂਹ ਦੀਆਂ ਕੰਪਨੀਆਂ ਦੇ ਕਈ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਇਸ ਦੇ ਨਾਲ ਹੀ ਓਧ ਨੇ ਯੈੱਸ ਬੈਂਕ 'ਤੇ ਵੀ ਛਾਪੇਮਾਰੀ ਕੀਤੀ ਹੈ। ਮਨੀ ਲਾਂਡਰਿੰਗ ਰੋਕਥਾਮ ਐਕਟ (PMLA) ਦੇ ਤਹਿਤ ਮੁੰਬਈ ਅਤੇ ਦਿੱਲੀ ਵਿਚ 50 ਕੰਪਨੀਆਂ ਦੇ 35 ਤੋਂ ਵੱਧ ਅਹਾਤਿਆਂ ਅਤੇ ਲਗਭਗ 25 ਵਿਅਕਤੀਆਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਉਹ 2017 ਅਤੇ 2019 ਦੇ ਵਿਚਕਾਰ ਯੈੱਸ ਬੈਂਕ ਤੋਂ ਲਗਭਗ 3,000 ਕਰੋੜ ਰੁਪਏ ਦੇ ਗ਼ੈਰ-ਕਾਨੂੰਨੀ ਕਰਜ਼ੇ ਨੂੰ ਡਾਇਵਰਸ਼ਨ ਕਰਨ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ।

# ਚੀਨੀ ਸਰਹੱਦ ਨੇੜੇ ਰੂਸੀ ਜਹਾਜ਼ ਹਾਦਸਾਗ੍ਰਸਤ, 49 ਲੋਕਾਂ ਦੀ ਮੌਤ

**ਮਾਸਕੋ।** ਚੀਨੀ ਸਰਹੱਦ ਨੇੜੇ ਇੱਕ ਰੂਸੀ ਯਾਤਰੀ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ। ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ 49 ਲੋਕਾਂ ਦੀ ਮੌਤ ਹੋ ਗਈ ਹੈ। ਜਹਾਜ਼ ਵਿੱਚ 43 ਯਾਤਰੀ ਅਤੇ 6 ਚਾਲਕ ਦਲ ਦੇ ਮੈਂਬਰ ਸਨ। ਯਾਤਰੀਆਂ ਵਿੱਚ 5 ਬੱਚੇ ਵੀ ਸ਼ਾਮਿਲ ਹਨ। ਬਚਾਅ ਕਰਮਚਾਰੀਆਂ ਨੂੰ ਟਿੰਡਾ ਤੋਂ ਲਗਭਗ 16 ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਰੂਸੀ ਯਾਤਰੀ ਜਹਾਜ਼ ਦਾ ਮਲਬਾ ਮਿਲਿਆ ਹੈ। ਰਾਈਟਰਜ਼ ਅਨੁਸਾਰ, ਇਹ ਜਹਾਜ਼ ਰੂਸ ਦੇ ਪੂਰਬੀ ਅਮੂਰ ਖੇਤਰ ਵਿੱਚ ਉਡਾਣ ਭਰ ਰਿਹਾ ਸੀ। ਅਮੂਰ ਦੇ ਗਵਰਨਰ ਵੈਸੀਲੀ ਓਰਲੋਵ ਨੇ ਟੈਲੀਗ੍ਰਾਮ 'ਤੇ ਕਿਹਾ ਕਿ ਲਾਪਤਾ ਜਹਾਜ਼ ਅੰਗਾਰਾ ਏਅਰਲਾਈਨਜ਼ ਦਾ ਹੈ। ਸਥਾਨਕ ਐਮਰਜੈਂਸੀ ਮੰਤਰਾਲੇ ਨੇ ਕਿਹਾ ਕਿ ਜਹਾਜ਼ ਚੀਨੀ ਸਰਹੱਦ ਦੇ ਨੇੜੇ ਸਥਿਤ



ਬਲਾਗੋਵੇਸ਼ਚੇਂਸਕ ਦੇ ਖਬਾਰੋਵਸਕ ਰਾਹੀਂ ਟਿੰਡਾ ਜਾ ਰਿਹਾ ਸੀ। ਟਿੰਡਾ ਪਹੁੰਚਣ ਤੋਂ ਪਹਿਲਾਂ, ਇਹ ਰਾਡਾਰ ਤੋਂ ਗਾਇਬ ਹੋ ਗਿਆ ਅਤੇ ਸੰਪਰਕ ਟੁੱਟ ਗਿਆ। ਇੰਟਰਫੈਕਸ ਦੀ ਰਿਪੋਰਟ ਅਨੁਸਾਰ, ਜਹਾਜ਼ ਟਿੰਡਾ ਹਵਾਈ ਅੱਡੇ 'ਤੇ ਉਤਰਨ ਦੀ ਆਪਣੀ ਪਹਿਲੀ ਕੋਸ਼ਿਸ਼ ਵਿੱਚ ਅਸਫਲ ਰਿਹਾ। ਜਦੋਂ ਇਸਨੇ ਦੂਜੀ ਵਾਰ ਉਤਰਨ ਦੀ ਕੋਸ਼ਿਸ਼ ਕੀਤੀ, ਤਾਂ ਇਹ ਰਾਡਾਰ ਤੋਂ ਗਾਇਬ ਹੋ ਗਿਆ। ਟਾਸ ਨਿਊਜ਼ ਏਜੰਸੀ ਨੇ ਇੱਕ ਸਰੋਤ ਦੇ ਹਵਾਲੇ ਨਾਲ ਕਿਹਾ ਕਿ ਜਹਾਜ਼ ਟਿੰਡਾ ਹਵਾਈ ਅੱਡੇ ਤੋਂ ਕੁਝ ਕਿਲੋਮੀਟਰ ਪਹਿਲਾਂ ਇੱਕ ਨਿਰਧਾਰਤ ਚੌਕੀ ਨਾਲ ਸੰਪਰਕ ਕਰਨ ਵਿੱਚ ਵੀ ਅਸਫਲ ਰਿਹਾ। ਟਿੰਡਾ ਸ਼ਹਿਰ ਰੂਸ ਦੀ ਰਾਜਧਾਨੀ ਮਾਸਕੋ ਤੋਂ ਲਗਭਗ 6,600 ਕਿਲੋਮੀਟਰ ਪੂਰਬ ਵਿੱਚ ਸਥਿਤ ਹੈ।

## ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਡੂੰਘੀ ਖੱਡ 'ਚ ਡਿੱਗੀ, 5 ਦੀ ਮੌਤ, 25 ਜ਼ਖਮੀ

**ਮੰਡੀ।** ਹਿਮਾਚਲ ਪ੍ਰਦੇਸ਼ ਦੇ ਮੰਡੀ ਵਿੱਚ ਵੀਰਵਾਰ ਸਵੇਰੇ 10 ਵਜੇ ਦੇ ਕਰੀਬ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਇੱਕ ਬੱਸ 150 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ 5 ਜਣਿਆਂ ਦੀ ਮੌਤ ਹੋ ਗਈ, ਜਦੋਂਕਿ 25 ਯਾਤਰੀ ਜ਼ਖਮੀ ਹੋ ਗਏ। ਜਾਣਕਾਰੀ ਮੁਤਾਬਿਕ ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕਾਂ ਵਿੱਚ ਤਿੰਨ ਔਰਤਾਂ ਸ਼ਾਮਲ ਹਨ। ਸਥਾਨਕ ਪੁਲਿਸ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਸਾਰੇ ਜ਼ਖਮੀਆਂ ਨੂੰ ਖੱਡ ਵਿੱਚੋਂ ਕੱਢ ਕੇ ਸਰਕਾਘਾਟ ਹਸਪਤਾਲ ਲਿਜਾਇਆ ਗਿਆ। ਇਸ ਦੇ ਨਾਲ ਹੀ 3 ਜ਼ਖਮੀਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਉਨ੍ਹਾਂ ਨੂੰ ਬਿਲਾਸਪੁਰ ਏਮਜ਼ ਰੈਫਰ



ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੱਸ ਜਾਮਨੀ ਤੋਂ ਸਰਕਾਘਾਟ ਵੱਲ ਆ ਰਹੀ ਸੀ। ਇਸ ਦੌਰਾਨ ਬੱਸ ਅਚਾਨਕ ਕਾਬੂ ਤੋਂ ਬਾਹਰ ਹੋ ਗਈ ਅਤੇ ਸਰਕਾਘਾਟ-ਜਾਮਨੀ-ਦੁਰਗਾਪੁਰ ਸੜਕ 'ਤੇ ਮਾਸੇਰਾਨ ਤਲਗਾਰਾ ਨੇੜੇ ਖੱਡ ਵਿੱਚ ਡਿੱਗ ਗਈ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਬੱਸ ਵਿੱਚ 35 ਤੋਂ ਵੱਧ ਯਾਤਰੀ ਸਵਾਰ ਸਨ। ਹਾਦਸੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਕਾਫ਼ੀ ਚੀਕ-ਚਿਹਾੜਾ ਮਚ ਗਿਆ। ਰਾਹਤ ਅਤੇ ਬਚਾਅ ਕਾਰਜ ਜਾਰੀ ਹੈ।

## ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਕਰਨਾਟਕ 'ਚ ਧੋਖਾਧੜੀ ਦਾ ਲਾਇਆ ਦੋਸ਼

**ਨਵੀਂ ਦਿੱਲੀ।** ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਬਿਹਾਰ 'ਚ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਦੇ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਚੋਣ ਕਮਿਸ਼ਨ 'ਤੇ ਕਰਨਾਟਕ ਵਿਚ ਵੀ ਧੋਖਾਧੜੀ ਦਾ ਦੋਸ਼ ਲਗਾਇਆ ਹੈ। ਰਾਹੁਲ ਗਾਂਧੀ ਨੇ ਵੀਰਵਾਰ ਨੂੰ ਸੰਸਦ ਦੇ ਬਾਹਰ ਕਿਹਾ ਕਿ ਵੋਟਰ ਸੂਚੀ ਸੋਧ ਦੇ ਨਾਮ 'ਤੇ ਕਰਨਾਟਕ ਵਿਚ ਹਜ਼ਾਰਾਂ ਜਾਅਲੀ ਵੋਟਰਾਂ ਦੇ ਨਾਮ ਸ਼ਾਮਿਲ ਕੀਤੇ ਗਏ ਹਨ। ਸੰਸਦ ਮੈਂਬਰ ਰਾਹੁਲ ਗਾਂਧੀ ਦਾ ਕਹਿਣਾ ਹੈ ਕਮੀ ਚੋਣ ਕਮਿਸ਼ਨ ਨੇ ਕਰਨਾਟਕ ਦੀ ਇੱਕ ਸੀਟ 'ਤੇ ਧੋਖਾਧੜੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਇਸ ਦੇ 100 ਫੀਸਦੀ ਸਬੂਤ ਹਨ। ਉਸੇ ਹਲਕੇ 'ਚ, 50, 60 ਅਤੇ 65 ਸਾਲ ਦੇ ਹਜ਼ਾਰਾਂ ਨਵੇਂ ਵੋਟਰਾਂ ਨੂੰ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ ਅਤੇ 18 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਸੂਚੀ 'ਚੋਂ ਹਟਾ ਦਿੱਤਾ ਗਿਆ ਹੈ।'

ਐੱਮਪੀ ਰਾਹੁਲ ਗਾਂਧੀ ਨੇ ਕਿਹਾ ਕਿ ਸਾਨੂੰ ਹੁਣੇ ਇੱਕ ਸੀਟ ਦੀ ਜਾਂਚ 'ਚ



ਇਹ ਅੰਤਰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਹਰ ਸੀਟ 'ਤੇ ਇਹੀ ਡਰਾਮਾ ਚੱਲ ਰਿਹਾ ਹੈ। ਮੈਂ ਚੋਣ ਕਮਿਸ਼ਨ ਨੂੰ ਸੁਨੇਹਾ ਦੇਣਾ ਚਾਹੁੰਦਾ ਹਾਂ। ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਇਸ ਤੋਂ ਬਚ ਜਾਓਗੇ, ਜੇਕਰ ਤੁਹਾਡੇ ਅਧਿਕਾਰੀ ਸੋਚਦੇ ਹਨ ਕਿ ਉਹ ਇਸ ਤੋਂ ਬਚ ਜਾਣਗੇ, ਤਾਂ ਇਹ ਤੁਹਾਡੀਆਂ ਗਲਤਫਹਿਮੀਆਂ ਹਨ। ਅਸੀਂ ਤੁਹਾਨੂੰ ਬਚਣ ਨਹੀਂ ਦੇਵਾਂਗੇ।' ਰਾਹੁਲ ਗਾਂਧੀ ਨੇ ਇਹ ਗੱਲਾਂ ਚੋਣ ਕਮਿਸ਼ਨ ਦੇ ਉਸ ਬਿਆਨ ਤੋਂ ਬਾਅਦ ਕਹੀਆਂ ਹਨ, ਜਿਸ 'ਚ ਬਿਹਾਰ 'ਚ ਵੋਟਰਾਂ ਦੀ ਤਸਦੀਕ ਪ੍ਰਕਿਰਿਆ ਦਾ ਬਚਾਅ ਕੀਤਾ ਗਿਆ ਸੀ। ਚੋਣ ਕਮਿਸ਼ਨ ਨੇ ਵੀਰਵਾਰ ਨੂੰ ਇੱਕ ਬਿਆਨ 'ਚ ਆਪਣੇ ਆਲੋਚਕਾਂ ਤੋਂ ਪੁੱਛਿਆ ਕਿ ਕੀ ਮ੍ਰਿਤਕ ਅਤੇ ਪ੍ਰਵਾਸੀ ਵੋਟਰਾਂ ਦੇ ਨਾਮ 'ਤੇ ਜਾਅਲੀ ਵੋਟਾਂ ਪਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਰਾਹੁਲ ਗਾਂਧੀ ਨੇ ਇਹ ਗੱਲਾਂ ਚੋਣ ਕਮਿਸ਼ਨ ਦੇ ਉਸ ਬਿਆਨ ਤੋਂ ਬਾਅਦ ਕਹੀਆਂ ਹਨ, ਜਿਸ ਵਿੱਚ ਬਿਹਾਰ ਵਿੱਚ ਵੋਟਰਾਂ ਦੀ ਤਸਦੀਕ ਪ੍ਰਕਿਰਿਆ ਦਾ ਬਚਾਅ ਕੀਤਾ ਗਿਆ ਸੀ। ਚੋਣ ਕਮਿਸ਼ਨ ਨੇ ਵੀਰਵਾਰ ਨੂੰ ਇੱਕ ਬਿਆਨ 'ਚ ਆਪਣੇ ਆਲੋਚਕਾਂ ਤੋਂ ਪੁੱਛਿਆ ਕਿ ਕੀ ਮ੍ਰਿਤਕ ਅਤੇ ਪ੍ਰਵਾਸੀ ਵੋਟਰਾਂ ਦੇ ਨਾਮ 'ਤੇ ਜਾਅਲੀ ਵੋਟਾਂ ਪਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਚੋਣ ਕਮਿਸ਼ਨ ਨੇ ਪੁੱਛਿਆ, 'ਸੋਧ ਪ੍ਰਕਿਰਿਆ ਦਾ ਉਦੇਸ਼ ਸਿਰਫ ਅਯੋਗ ਵੋਟਰਾਂ ਨੂੰ ਵੋਟਰ ਸੂਚੀ ਤੋਂ ਹਟਾਉਣਾ ਹੈ। ਕੀ ਚੋਣ ਕਮਿਸ਼ਨ ਦੀ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਤਿਆਰ ਕੀਤੀ ਜਾ ਰਹੀ ਪ੍ਰਮਾਣਿਕ ਵੋਟਰ ਸੂਚੀ ਨਿਰਪੱਖ ਚੋਣਾਂ ਅਤੇ ਮਜ਼ਬੂਤ ਲੋਕਤੰਤਰ ਦੀ ਨੀਂਹ ਨਹੀਂ ਹੈ?'

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਨੇਤਨਯਾਹੂ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 70 ਸਾਲਾਂ ਔਰਤ ਗ੍ਰਿਫ਼ਤਾਰ



**ਤਲਅਵੀਵ।** ਇਜ਼ਰਾਈਲ ਦੀ ਸੁਰੱਖਿਆ ਏਜੰਸੀ ਸ਼ਿਨ ਬੇਟ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਸ਼ੱਕ ਵਿੱਚ ਇੱਕ 70 ਸਾਲਾ ਔਰਤ ਨੂੰ ਗ੍ਰਿਫ਼ਤਾਰ ਕੀਤਾ। ਇਜ਼ਰਾਈਲੀ ਜਨਤਕ ਪ੍ਰਸਾਰਕ ਕੇਏਐੱਨ ਅਨੁਸਾਰ, ਔਰਤ 'ਤੇ ਆਈਈਡੀ ਧਮਾਕੇ ਰਾਹੀਂ ਨੇਤਨਯਾਹੂ 'ਤੇ ਹਮਲਾ ਕਰਨ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਕੇਏਐਨ ਨੇ ਰਿਪੋਰਟ ਦਿੱਤੀ ਕਿ ਔਰਤ ਵਿਰੁੱਧ ਵੀਰਵਾਰ ਨੂੰ ਅਪਰਾਧ ਕਰਨ ਦੀ ਸਾਜ਼ਿਸ਼ ਰਚਣ ਅਤੇ ਅੱਤਵਾਦੀ ਕਾਰਵਾਈ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਦੋਸ਼ ਪੱਤਰ ਦਾਇਰ ਕੀਤਾ ਜਾਵੇਗਾ। ਰਿਪੋਰਟ ਅਨੁਸਾਰ, ਔਰਤ ਨੂੰ ਦੋ ਹਫ਼ਤੇ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਉਸਨੂੰ ਕੁਝ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ ਸੀ। ਇਨ੍ਹਾਂ ਹਾਲਤਾਂ ਵਿੱਚ, ਉਸਨੂੰ ਸਾਰੇ ਸਰਕਾਰੀ ਅਦਾਰਿਆਂ ਵਿੱਚ ਦਾਖਲ ਹੋਣ ਅਤੇ ਪ੍ਰਧਾਨ ਮੰਤਰੀ ਦੇ ਨੇੜੇ ਜਾਣ 'ਤੇ ਪਾਬੰਦੀ ਲਗਾਈ ਗਈ ਸੀ। ਪੁਲਿਸ ਅਨੁਸਾਰ, ਇਹ ਔਰਤ ਇੱਕ ਮੰਨੀ ਪ੍ਰਵੰਨੀ ਸਰਕਾਰ ਵਿਰੋਧੀ ਪ੍ਰਦਰਸ਼ਨਕਾਰੀ ਹੈ। ਉਸਨੇ ਹੋਰ ਪ੍ਰਦਰਸ਼ਨਕਾਰੀਆਂ ਤੋਂ ਹਥਿਆਰ ਪ੍ਰਾਪਤ ਕਰਨ ਅਤੇ ਪ੍ਰਧਾਨ ਮੰਤਰੀ ਦੇ ਸੁਰੱਖਿਆ ਪ੍ਰਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਦੇ ਹੁਕਮਾਂ 'ਤੇ ਔਰਤ ਦੀ ਪਛਾਣ ਗੁਪਤ ਰੱਖੀ ਗਈ ਸੀ, ਪਰ ਜਾਂਚਕਰਤਾਵਾਂ ਦੀ ਅਪੀਲ 'ਤੇ, ਬੁੱਧਵਾਰ ਨੂੰ ਗੁਪਤਤਾ ਹੁਕਮ ਹਟਾ ਦਿੱਤਾ ਗਿਆ, ਜਿਸ ਨਾਲ ਉਸ ਵਿਰੁੱਧ ਕੇਸ ਜਨਤਕ ਹੋ ਗਏ। ਜਾਂਚ ਪੂਰੀ ਹੋਣ ਤੋਂ ਬਾਅਦ, ਪੁਲਿਸ ਨੇ ਕਿਹਾ ਕਿ ਜ਼ਰੂਰੀ ਦਸਤਾਵੇਜ਼ ਅਗਲੇਰੀ ਕਾਰਵਾਈ ਅਤੇ ਚਾਰਜਸ਼ੀਟ ਲਈ ਸਟੇਟ ਅਟਾਰਨੀ ਦਫ਼ਤਰ ਅਤੇ ਸਰਕਾਰੀ ਵਕੀਲ ਨੂੰ ਸੌਂਪ ਦਿੱਤੇ ਗਏ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਯੂਕਰੇਨ ਵਿੱਚ ਜ਼ੇਲੇਂਸਕੀ ਵਿਰੁੱਧ ਵਿਰੋਧ ਪ੍ਰਦਰਸ਼ਨ, ਨਵਾਂ ਕਾਨੂੰਨ ਲਿਆਂਦਾ ਗਿਆ, ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਦੀ ਆਜ਼ਾਦੀ ਕੀਤੀ ਖਤਮ



**ਕੀਵ।** ਰੂਸ-ਯੂਕਰੇਨ ਯੁੱਧ ਦੇ 3 ਸਾਲਾਂ ਬਾਅਦ ਪਹਿਲੀ ਵਾਰ, ਯੂਕਰੇਨ ਦੀ ਰਾਜਧਾਨੀ ਕੀਵ ਸਮੇਤ ਕਈ ਸ਼ਹਿਰਾਂ ਵਿੱਚ ਆਮ ਲੋਕ ਅਤੇ ਸੈਨਿਕ ਰਾਸ਼ਟਰਪਤੀ ਜ਼ੇਲੇਂਸਕੀ ਵਿਰੁੱਧ ਸੜਕਾਂ 'ਤੇ ਉਤਰ ਆਏ। ਯੂਕਰੇਨ ਦੀ ਸੰਸਦ ਨੇ ਹਾਲ ਹੀ ਵਿੱਚ ਇੱਕ ਕਾਨੂੰਨ ਪਾਸ ਕੀਤਾ ਹੈ, ਜਿਸ ਤਹਿਤ ਦੋ ਪ੍ਰਮੁੱਖ ਭ੍ਰਿਸ਼ਟਾਚਾਰ ਵਿਰੋਧੀ ਸੰਸਥਾਵਾਂ, ਯੂਕਰੇਨ ਦੇ ਰਾਸ਼ਟਰੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਅਤੇ ਵਿਸ਼ੇਸ਼ ਭ੍ਰਿਸ਼ਟਾਚਾਰ ਵਿਰੋਧੀ ਵਕੀਲ ਦਫਤਰ ਦੀ ਨਿਗਰਾਨੀ ਵਧਾਈ ਜਾਵੇਗੀ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਇਨ੍ਹਾਂ ਸੰਸਥਾਵਾਂ ਦੀ ਆਜ਼ਾਦੀ ਖੋਹ ਲਵੇਗਾ ਅਤੇ ਰਾਸ਼ਟਰਪਤੀ ਜ਼ੇਲੇਂਸਕੀ ਦੁਆਰਾ ਨਿਯੁਕਤ ਅਟਾਰਨੀ ਜਨਰਲ ਨੂੰ ਜਾਂਚ ਦਾ ਕੰਟਰੋਲ ਦੇਵੇਗਾ। ਇਸ ਫੈਸਲੇ ਨੇ ਪਾਰਦਰਸ਼ਤਾ, ਲੋਕਤੰਤਰ ਅਤੇ ਯੁੱਧ ਦੇ ਮੂਲ ਉਦੇਸ਼ਾਂ ਨੂੰ ਠੇਸ ਪਹੁੰਚਾਈ ਹੈ। ਬਹੁਤ ਸਾਰੇ ਜ਼ਖਮੀ ਫੌਜੀਆਂ ਨੇ ਇਸਨੂੰ ਮੋਰਚੇ 'ਤੇ ਲੜ ਰਹੇ ਸੈਨਿਕਾਂ ਨਾਲ ਵਿਸ਼ਵਾਸਘਾਤ ਕਿਹਾ। ਇਸ ਕਦਮ ਦੀ ਯੂਰਪੀਅਨ ਯੂਨੀਅਨ ਅਤੇ ਜੀ-7 ਦੇਸ਼ਾਂ ਦੁਆਰਾ ਵੀ ਆਲੋਚਨਾ ਕੀਤੀ ਗਈ ਹੈ, ਜੋ ਯੂਕਰੇਨ ਦੇ ਮੈਂਬਰਸ਼ਿਪ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਯੂਕਰੇਨ ਲਈ ਭ੍ਰਿਸ਼ਟਾਚਾਰ ਨਾਲ ਲੜਨਾ ਮਹੱਤਵਪੂਰਨ ਹੈ ਕਿਉਂਕਿ ਯੂਰਪੀਅਨ ਯੂਨੀਅਨ ਵਿੱਚ ਸ਼ਾਮਿਲ ਹੋਣਾ ਅਤੇ ਪੱਛਮੀ ਦੇਸ਼ਾਂ ਤੋਂ ਅਰਬਾਂ ਡਾਲਰ ਦੀ ਸਹਾਇਤਾ ਬਣਾਈ ਰੱਖਣਾ ਜ਼ਰੂਰੀ ਹੈ। ਇਸ ਕਾਨੂੰਨ ਦੇ ਪਾਸ ਹੋਣ ਨਾਲ ਯੂਕਰੇਨ ਦੇ ਲੋਕਾਂ ਵਿੱਚ ਗੁੱਸਾ ਹੈ। ਕਈ ਲੋਕ ਕਹਿੰਦੇ ਹਨ ਕਿ ਇਹ ਕਾਨੂੰਨ ਰੂਸ ਦੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਨਾਲੋਂ ਵੱਡਾ ਨੈਤਿਕ ਝਟਕਾ ਹੈ।

## ਅੰਮ੍ਰਿਤਸਰ ਪੁਲਿਸ ਨੇ ਦੋ ਮੁਲਜ਼ਮਾਂ ਦਾ ਕੀਤਾ ਐਨਕਾਊਂਟਰ, ਫਿਰੌਤੀ ਮੰਗਣ ਦੇ ਮਾਮਲੇ 'ਚ ਸਨ ਲੋੜੀਂਦੇ




**ਅੰਮ੍ਰਿਤਸਰ।** ਅੱਜ ਅੰਮ੍ਰਿਤਸਰ ਵਿੱਚ ਪੁਲਿਸ ਅਤੇ ਅਪਰਾਧੀਆਂ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿੱਚ ਗੋਲੀਬਾਰੀ ਦੌਰਾਨ ਇਕ ਮੁਲਜ਼ਮ ਨੂੰ ਗੋਲੀ ਲੱਗ ਗਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਮੁਲਜ਼ਮਾਂ ਨੂੰ ਇਕ ਪਿਸਤੌਲ ਸਮੇਤ ਮੌਕੇ 'ਤੇ ਹੀ ਕਾਬੂ ਕਰ ਲਿਆ। ਲੱਤ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਮੁਲਜ਼ਮ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਮਿਲੇ ਵੇਰਵਿਆਂ ਅਨੁਸਾਰ ਇਹ ਘਟਨਾ ਸਥਾਨਕ ਕੰਪਨੀ ਬਾਗ ਦੇ ਨੇੜੇ ਦੀ ਦੱਸੀ ਗਈ ਹੈ, ਇਥੇ ਫਿਰੌਤੀ ਮੰਗਣ ਵਾਲੇ ਮੁਲਜ਼ਮਾਂ ਅਤੇ ਪੁਲਿਸ ਪਾਰਟੀ ਦਾ ਆਹਮਣਾ ਸਾਹਮਣਾ ਹੋਇਆ ਅਤੇ ਪੁਲਿਸ ਵਲੋਂ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮਾਂ ’ਚੋਂ ਇਕ ਨੇ ਪੁਲਿਸ ’ਤੇ ਗੋਲੀ ਚਲਾ ਦਿੱਤੀ, ਜਿਸ ਦੇ ਜਵਾਬ ’ਚ ਪੁਲਿਸ ਵਲੋਂ ਚਲਾਈ ਗੋਲੀ ਨਾਲ ਇਕ ਮੁਲਜ਼ਮ ਜ਼ਖ਼ਮੀ ਹੋ ਗਿਆ। ਮੁਲਜ਼ਮਾਂ ਦੀ ਪਹਿਚਾਣ ਹਰਪ੍ਰੀਤ ਸਿੰਘ ਤੇ ਹਰਸਿਮਰਨ ਵਜੋਂ ਹੋਈ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਕਰੈਪ ਕਾਰੋਬਾਰੀਆਂ ਦੀਆਂ ਸਮੱਸਿਆਵਾਂ ਜਲਦ ਹੋਣਗੀਆਂ ਹੱਲ - ਵਿਧਾਇਕ ਸਿੱਧੂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਕਰੈਪ ਟਰੇਡਰਜ ਐਸੋਸੀਏਸ਼ਨ ਦੀ ਇੱਕ ਮੀਟਿੰਗ ਬਸੰਤ ਰੋਡ ਭਗਵਾਨ ਚੌਂਕ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਵਿਸ਼ੇਸ਼ ਤੌਰ ਤੇ ਪੁੱਜੇ। ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਜਿੱਥੇ ਕੁਲਵੰਤ ਸਿੰਘ ਸਿੱਧੂ ਨੂੰ ਕਾਰੋਬਾਰ ਨਾਲ ਸੰਬੰਧਿਤ ਆ ਰਹੀਆਂ ਮੁਸਕਿਲਾਂ ਤੋਂ ਜਾਣੂ ਕਰਵਾਇਆ ਉੱਥੇ ਜੀਐਸਟੀ ਅਤੇ ਟ੍ਰੈਫਿਕ ਅਧਿਕਾਰੀਆਂ ਵੱਲੋਂ ਪੂਰਨ ਸਹਿਯੋਗ ਨਾ ਮਿਲਣ ਦੀ ਗੱਲ ਵੀ ਆਖੀ ਗਈ। ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬਾ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਹਰ ਵਰਗ ਦੇ ਨਾਲ-ਨਾਲ ਕਾਰੋਬਾਰੀਆਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ 'ਸਰਕਾਰ ਆਪ ਕੇ ਦੁਆਰ' ਮੁਹਿੰਮ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣ ਅਤੇ ਉਨ੍ਹਾਂ ਨੂੰ ਹੱਲ ਕਰਵਾਉਣ ਵਿੱਚ ਵਿਸ਼ਵਾਸ ਰੱਖਦੀ ਹੈ।



ਕੁਲਵੰਤ ਸਿੰਘ ਸਿੱਧੂ ਨੇ ਮੌਕੇ ਤੇ ਹੀ ਐਸੋਸੀਏਸ਼ਨ ਦੇ ਮੈਂਬਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜੀਐਸਟੀ ਅਤੇ ਟ੍ਰੈਫਿਕ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਆਉਣ ਵਾਲੇ ਦੋ-ਤਿੰਨ ਦਿਨਾਂ ਵਿੱਚ ਉਨ੍ਹਾਂ ਨਾਲ ਮੀਟਿੰਗ ਕਰਵਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਦੀ ਅਗਵਾਈ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਜਿੱਥੇ ਨਿੱਘਾ ਸਵਾਗਤ ਕੀਤਾ ਉੱਥੇ ਸਮੱਸਿਆਵਾਂ ਸੰਬੰਧੀ ਇੱਕ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਸਰਪ੍ਰਸਤ ਦਲੀਪ ਸਿੰਘ ਖੁਰਾਣਾ, ਚੇਅਰਮੈਨ ਜਰਨੈਲ ਸਿੰਘ ਖੇੜਾ, ਪ੍ਰਿਤਪਾਲ ਸਿੰਘ, ਪਰਮਜੀਤ ਸਿੰਘ ਖੁਰਾਣਾ, ਜਤਿੰਦਰ ਸਿੰਘ ਬੌਬੀ, ਪ੍ਰਭਜੋਤ ਸਿੰਘ ਕਾਲੜਾ, ਕੰਵਲਜੀਤ ਸਿੰਘ ਚੁੱਘ, ਮੁਕੇਸ਼ ਮਿਸ਼ਰਾ, ਗਗਨਦੀਪ ਸਿੰਘ ਅਰੋੜਾ, ਗੁਰਪ੍ਰੀਤ ਸਿੰਘ ਚੁੱਗ, ਸਨੀ ਬੱਤਰਾ, ਪਰਮਜੀਤ ਸਿੰਘ ਖੁਰਾਣਾ, ਹਰਮੀਤ ਸਿੰਘ, ਮਨੀ ਡੰਗ, ਗੁਰਮੀਤ ਸਿੰਘ, ਅਰਵਿੰਦਰ ਸਿੰਘ ਪਾਹਵਾ, ਰਾਜ ਕੁਮਾਰ, ਤਰਨਜੀਤ ਸਿੰਘ, ਹਰਜੀਤ ਸਿੰਘ, ਮਨਿੰਦਰ ਸਿੰਘ ਚਾਵਲਾ, ਮਨੋਜ ਕੁਮਾਰ ਅਰੋੜਾ, ਰਕੇਸ਼ ਕੁਮਾਰ, ਪਵਨ ਕੁਮਾਰ, ਜਸਵਿੰਦਰ ਸਿੰਘ, ਰਾਜਬੀਰ ਸਿੰਘ, ਅਰਸ਼ਦੀਪ ਸਿੰਘ ਬਿੱਲਾ ਵੀ ਹਾਜ਼ਰ ਸਨ।

# ਜੀ.ਜੀ.ਐਨ.ਆਈ.ਵੀ.ਐਸ. ਵੱਲੋਂ ਨਵੇਂ ਵਿਦਿਆਰਥੀਆਂ ਦੇ ਸੁਆਗਤ ਲਈ ਪ੍ਰੇਰਣਾਦਾਇਕ ਇੰਡਕਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ ਵੋਕੇਸ਼ਨਲ ਸਟੱਡੀਜ਼ ਜੋ ਕਿ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਤਹਿਤ ਚੱਲਦਾ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਸੰਬੰਧਿਤ ਹੈ, ਵੱਲੋਂ ਸੈਸ਼ਨ 2025-26 ਲਈ ਨਵੇਂ ਵਿਦਿਆਰਥੀਆਂ ਦੇ ਸੁਆਗਤ ਵਿੱਚ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਕਾਰਜਕ੍ਰਮ ਦੀ ਸ਼ੁਰੂਆਤ ਪ੍ਰੋ: ਆਂਚਲ ਵਰਮਾ ਅਤੇ ਪ੍ਰੋ: ਗੁਰਕੀਰਤ ਕੌਰ ਵੱਲੋਂ ਦਿੱਤੀ ਗਈ ਪਾਵਰਪੌਇੰਟ ਪ੍ਰਜ਼ੇਨਟੇਸ਼ਨ ਨਾਲ ਹੋਈ ਜਿਸ ਵਿੱਚ ਵਿਦਿਆਰਥੀਆਂ ਨੂੰ ਸੰਸਥਾ ਦੇ ਵਿਜ਼ਨ, ਮੁੱਲਾਂ, ਢਾਂਚੇ ਅਤੇ ਕੈਂਪਸ ਦੇ ਉਤਸ਼ਾਹਜਨਕ ਮਾਹੌਲ ਬਾਰੇ ਜਾਣੂ ਕਰਵਾਇਆ ਗਿਆ।



ਕਾਰਜਕ੍ਰਮ ਦੀ ਅਧਿਕਾਰਿਕ ਸ਼ੁਰੂਆਤ ਪ੍ਰੋ: ਮਨਜੀਤ ਸਿੰਘ ਛਾਬੜਾ, ਡਾਇਰੈਕਟਰ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸਰਵਪੱਖੀ ਵਿਕਾਸ ਅਤੇ ਜੀਵਨ ਭਰ ਸਿੱਖਣ ਦੀ ਸੰਸਕ੍ਰਿਤੀ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੀ ਵਿਰਾਸਤ, ਸੰਸਥਾ ਦੇ ਅਕਾਦਮਿਕ ਢਾਂਚੇ ਅਤੇ ਕੈਂਪਸ ਦੀ ਜੀਵੰਤ ਜੀਵਨ ਰੇਖਾ ਨਾਲ ਰੁਬਰੂ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਵੱਖ-ਵੱਖ ਵਿਭਾਗਾਂ ਅਤੇ ਮੁੱਖ ਅਕਾਦਮਿਕ ਅਧਿਕਾਰੀਆਂ ਨਾਲ ਮਿਲਵਾਇਆ ਗਿਆ। ਇਸਦੇ ਨਾਲ-ਨਾਲ ਵਿਦਿਆਰਥੀਆਂ ਨੂੰ ਕਾਲਜ ਦੇ ਨਿਯਮਾਂ ਅਤੇ ਨਿਯਮਾਵਲੀਆਂ ਦੀ ਜਾਣਕਾਰੀ ਵੀ ਦਿੱਤੀ ਗਈ।ਇਹ ਇੰਡਕਸ਼ਨ ਪ੍ਰੋਗਰਾਮ ਇਸ ਵਚਨਬੱਧਤਾ ਦਾ ਪਰਚਾ ਹੈ ਕਿ ਸੰਸਥਾ ਸਿਰਫ਼ ਅਕਾਦਮਿਕ ਉਤਕ੍ਰਿਸ਼ਟਤਾ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਵਿਦਿਆਰਥੀਆਂ ਨੂੰ ਲੀਡਰਸ਼ਿਪ, ਰੁਚੀਆਂ ਅਤੇ ਵਿਅਕਤੀਗਤ ਵਿਕਾਸ ਦੇ ਮੌਕੇ ਵੀ ਦਿੰਦੀ ਹੈ।



ਗੁਰਦੁਆਰਾ ਮੌਕਟਨ ਸਾਹਿਬ ਨਿਊ ਬ੍ਰਿਸਵਿਕ ਕਨੇਡਾ ਦੇ ਪ੍ਰਧਾਨ ਮੋਹਿੰਦਰ ਪਾਲ ਸਿੰਘ ਨਾਲ ਡਾ: ਅੰਮ੍ਰਿਤਪਾਲ ਸਿੰਘ ਪ੍ਰਧਾਨ ਸਿੱਖ ਸੇਵਾ ਮਿਸ਼ਨ ਨੇ ਕਨੇਡਾ ਵਿਖੇ ਮੁਲਾਕਾਤ ਕੀਤੀ ਅਤੇ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਵਿਚਾਰ-ਵਟਾਂਦਰੇ ਕੀਤੇ ਅਤੇ ਮਹਿੰਦਰ ਪਾਲ ਸਿੰਘ ਨੇ ਬਹੁਤ ਕੀਮਤੀ ਜਗ੍ਹਾ ਖ਼ਰੀਦ ਕੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕੀਤਾ । ਡਾ: ਅੰਮ੍ਰਿਤਪਾਲ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਨੇਕੀ ਦਾ ਕੰਮ ਕਰਨ ਤੇ ਮੌਹਿਦਰ ਪਾਲ ਸਿੰਘ ਦੀ ਪ੍ਰਸੰਸਾ ਕੀਤੀ । ( ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ )

# ਸਰਕਾਰੀ ਆਈ.ਟੀ.ਆਈ (ਲੜਕੀਆਂ) ਖੀਰਾਂ ਵਾਲੀ ਕਪੂਰਥਲਾ ਚ ਵੱਖ - ਵੱਖ ਕੋਰਸਾਂ ਲਈ ਦਾਖਲਾ ਸ਼ੁਰੂ

**ਕਪੂਰਥਲਾ ( ਕੌੜਾ )**- ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਇਸਤਰੀਆ ਖੀਰਾਂ ਵਾਲੀ ਕਪੂਰਥਲਾ ਆਈ.ਟੀ.ਆਈ ਵਿਖੇ ਟੈਕਨੀਕਲ ਕੋਰਸਾਂ ਲਈ ਸੈਸ਼ਨ 2025 - 26 ਲਈ ਦਾਖਲਾ ਸ਼ੁਰੂ ਹੋ ਗਿਆ ਹੈ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੁਪਿੰਦਰ ਕੌਰ ਨੇ ਦੱਸਿਆ ਕਿ ਸੰਸਥਾਵਾਂ ਚ ਕਰਵਾਏ ਜਾਂਦੇ ਸਵਿੰਗ ਟੈਕਨਾਲੋਜੀ, ਸਰਫੇਸ ਓਰਨਾਮੈਂਟ ,ਕੰਪਿਊਟਰ ,ਕੌਸਮੈਟੌਲੋਜੀ (ਬਿਊਟੀਸ਼ਨ) , ਦੇ 1-1 ਸਾਲਾਂ ਕੋਰਸ ਅਤੇ ਇਲੈਕਟੀਸ਼ਨ ਟ੍ਰੇਡ ਦੇ 2 ਸਾਲਾ ਕੋਰਸ ਲਈ ਦਾਖਲੇ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ।ਉਨ੍ਹਾਂ ਦੱਸਿਆ ਕਿ ਇਹ ਸਾਰੇ ਕੋਰਸ ਭਾਰਤ ਅਤੇ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹਨ ।ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੋਰਸਾਂ ਚ ਦਾਖਲਾ ਲੈਣ ਵਾਲਿਆਂ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਿਤ ਵਿਦਿਆਰਥਣਾਂ ਨੂੰ ਟਿਊਸ਼ਨ ਫੀਸ ਮਾਫੀ ਦੀ ਸਹੂਲਤ ਦਿੱਤੀ ਜਾਂਦੀ ਹੈ ਤੇ ਕੋਰਸ ਮੁਕੰਮਲ ਹੋਣ ਉਪਰੰਤ ਲੜਕੀਆਂ ਨੂੰ ਰੋਜਗਾਰ ਦਿਵਾਉਣ ਚ ਮਦਦ ਕੀਤੀ ਜਾਂਦੀ ਹੈ ।ਇਸ ਤੋਂ ਇਲਾਵਾ ਸਵੈ ਰੋਜ਼ਗਾਰ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ ।ਉਨ੍ਹਾਂ ਚਾਹਵਾਨ ਲੜਕੀਆਂ ਨੂੰ ਇਹ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ।ਇਸ ਮੌਕੇ ਅਮਰਜੀਤ ਕੌਰ ਸਵਿੰਗ ਟੈਕਨਾਲੋਜੀ-ਕਢਾਈ ਇਸ:, ਪਰਦੀਪ ਸਿੰਘ ਕੋਪਾ ਇਸ:,ਨਵਪ੍ਰੀਤ ਕੌਰ ਕੋਸਮੋ ਇਸ ਸ਼ਰਨਜੀਤ ਕੌਰ ਸਵਿੰਗ ਟੈਕਨਾਲੋਜੀ-ਕਢਾਈ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ

**ਡੇਰਾਬੱਸੀ ( ਸੰਜੀਵ ਸਿੰਘ ਸੈਣੀ )** ਸਮਾਜਿਕ ਜ਼ਿੰਮੇਵਾਰੀ ਅਤੇ ਭਾਈਚਾਰਕ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਉੱਤਮ ਪਹਿਲਕਦਮੀ ਵਿੱਚ, ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਅਤੇ ਸ਼੍ਰੀ ਰਾਮਲੀਲਾ ਕਮੇਟੀ (ਰਜਿ. 812) ਡੇਰਾਬੱਸੀ ਨੇ ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦੇ ਸਹਿਯੋਗ ਨਾਲ 24 ਜੁਲਾਈ, ਵੀਰਵਾਰ ਨੂੰ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਕੈਂਪ ਵਿੱਚ ਸਟਾਫ ਮੈਂਬਰਾਂ, ਮਾਪਿਆਂ, ਸਾਬਕਾ ਵਿਦਿਆਰਥੀਆਂ ਅਤੇ ਸਥਾਨਕ ਨਿਵਾਸੀਆਂ ਦੀ ਉਤਸ਼ਾਹਜਨਕ ਭਾਗੀਦਾਰੀ ਦੇਖਣ ਨੂੰ ਮਿਲੀ। ਕੁੱਲ 70 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ, ਜਿਸਦੀ ਵਰਤੋਂ ਖੇਤਰ ਭਰ ਵਿੱਚ ਖ਼ੂਨ ਚੜ੍ਹਾਉਣ ਦੀ ਜ਼ਰੂਰਤ ਵਾਲੇ ਮਰੀਜ਼ਾਂ ਦੀ ਸਹਾਇਤਾ ਲਈ ਕੀਤੀ ਜਾਵੇਗੀ। ਇਸ ਸਮਾਗਮ ਦਾ ਉਦਘਾਟਨ ਡਾ. ਸੰਗੀਤਾ ਜੈਨ ਸਿਵਲ ਸਰਜਨ ਮੋਹਾਲੀ, ਸ਼੍ਰੀ ਭੁਪਿੰਦਰ ਸਿੰਘ ਸਿਹਤ ਨਿਰੀਖਕ, ਸ਼੍ਰੀ ਮੋਹਨ ਸੈਣੀ ਐਮਡੀ ਐਮਐਸ ਬਿਲਡਰ ਡੇਰਾਬੱਸੀ ਅਤੇ ਲਾਇਨਜ਼ ਕਲੱਬ ਦੇ ਪ੍ਰਧਾਨ ਸ਼੍ਰੀ ਬਲਕਾਰ ਸਿੰਘ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਵਿੱਚ



ਦਇਆ ਅਤੇ ਨਾਗਰਿਕ ਫਰਜ਼ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਲਈ ਸਕੂਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਡਾ. ਬਰਖਾ ਰਾਮ ਅਤੇ ਸਕੱਤਰ ਸ਼੍ਰੀ ਉਪੇਸ਼ ਬਾਂਸਲ ਨੇ ਸਾਰੇ ਖ਼ੂਨਦਾਨੀਆਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਯੋਗਦਾਨ ਲਈ ਸਨਮਾਨਿਤ ਕੀਤਾ। ਉਨ੍ਹਾਂ ਨੇ ਡੇਰਾਬੱਸੀ ਸਥਿਤ ਰਾਮ ਲੀਲਾ ਕਮੇਟੀ ਦੇ ਪ੍ਰਧਾਨ ਸ਼੍ਰੀ ਰਵਿੰਦਰ ਵੈਸ਼ਨਵ ਦੀ ਵਿਸ਼ੇਸ਼ ਤੌਰ 'ਤੇ ਮਨੁੱਖਤਾ ਦੇ ਉਦੇਸ਼ ਪ੍ਰਤੀ ਸ਼ਾਨਦਾਰ ਸਮਰਪਣ ਲਈ ਸ਼ਲਾਘਾ ਕੀਤੀ, ਕਿਉਂਕਿ ਉਨ੍ਹਾਂ ਨੇ ਕੈਂਪ ਦੌਰਾਨ 59ਵੀਂ ਵਾਰ ਖ਼ੂਨਦਾਨ ਕੀਤਾ। ਉਨ੍ਹਾਂ ਦੀ ਨਿਰਸਵਾਰਥ ਸੇਵਾ ਭਾਈਚਾਰੇ ਲਈ ਇੱਕ ਪ੍ਰੇਰਨਾਦਾਇਕ ਉਦਾਹਰਣ ਵਜੋਂ ਖੜ੍ਹੀ ਹੈ। ਬਲੱਡ ਬੈਂਕ ਸੈਕਟਰ 32, ਚੰਡੀਗੜ੍ਹ ਦੇ ਇੰਚਾਰਜ ਡਾ. ਰਵਨੀਤ ਕੌਰ ਨੇ ਵੀ ਖ਼ੂਨਦਾਨ ਕੈਂਪ ਨੂੰ ਸ਼ਾਨਦਾਰ ਸਫਲ ਬਣਾਉਣ ਵਾਲੇ ਸਾਰੇ ਲੋਕਾਂ ਦਾ ਦਿਲੋਂ ਧੰਨਵਾਦ ਕੀਤਾ। ਸਕੂਲ ਦੇ ਚੇਅਰਮੈਨ ਸ. ਗੁਰਦੀਪ ਸਿੰਘ ਚਹਿਲ ਨੇ ਸਾਰੇ ਦਾਨੀਆਂ ਅਤੇ ਮੈਡੀਕਲ ਟੀਮ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ, "ਅਜਿਹੇ ਉਪਰਾਲੇ ਨਾ ਸਿਰਫ਼ ਜਾਨਾਂ ਬਚਾਉਣ ਵਿੱਚ ਮਦਦ ਕਰਦੇ ਹਨ ਸਗੋਂ ਸਾਡੇ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਅਤੇ ਹਮਦਰਦ ਨਾਗਰਿਕ ਬਣਨ ਲਈ ਵੀ ਪ੍ਰੇਰਿਤ ਕਰਦੇ ਹਨ।" ਸਕੂਲ ਪ੍ਰਿੰਸੀਪਲ ਡਾ. ਬਸੁੰਧਰਾ ਨੇ ਕੈਂਪ ਦੀ ਸਫਲਤਾ ਨੂੰ ਯਕੀਨੀ ਬਣਾਉਣ ਵਿੱਚ ਉਨ੍ਹਾਂ ਦੇ ਸਹਿਜ ਤਾਲਮੇਲ ਅਤੇ ਸਹਾਇਤਾ ਲਈ ਪ੍ਰਬੰਧਨ ਮੈਂਬਰਾਂ ਸ਼੍ਰੀ ਸੁਭਾਸ਼ ਚੋਪੜਾ, ਸ਼੍ਰੀ ਲਕਸ਼ੈ ਜੈਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਾਰੇ ਦਾਨੀਆਂ ਨੂੰ ਰਿਫਰੈਸ਼ਮੈਂਟ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ। ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦਾ ਉਦੇਸ਼ ਭਵਿੱਖ ਵਿੱਚ ਅਜਿਹੀਆਂ ਭਾਈਚਾਰਕ ਸੇਵਾ ਗਤੀਵਿਧੀਆਂ ਨੂੰ ਜਾਰੀ ਰੱਖਣਾ ਹੈ, ਜੋ ਮਨੁੱਖਤਾ ਅਤੇ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ।

# ਐੱਸ.ਏ.ਐੱਸ. ਅਕੈਡਮੀ ਦੀ ਕੋਹਿਨੂਰ ਨੇ ਕਰਾਟੇ ਵਿੱਚ ਜਿੱਤਿਆ ਸੋਨ ਤਮਗਾ



**ਰੋਪੜ, (ਰੋਮੀ ਘੜਾਮਾਂ):** ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ, ਰੋਪੜ ਵਿਖੇ ਚੌਥੀ ਜਮਾਤ ਵਿੱਚ ਪੜ੍ਹਦੀ ਕੋਹਿਨੂਰ ਕੌਰ (9 ਸਾਲ) ਨੇ ਜ਼ਿਲ੍ਹਾ ਪੱਧਰੀ ਕਰਾਟੇ ਚੈਂਪੀਅਨਸ਼ਿਪ 2025 ਦੇ 34+ ਕਿੱਲੋ ਭਾਰ ਵਰਗ ਵਿੱਚ ਸੋਨ ਤਮਗਾ ਜਿੱਤ ਕੇ ਆਪਣੇ ਜਿਲ੍ਹੇ, ਸਕੂਲ ਅਤੇ ਮਾਪਿਆਂ ਦਾ ਮਾਣ ਵਧਾਇਆ। ਜੈ ਦੇਵ ਸਿੰਘ ਅਤੇ ਕੰਚਨ ਦੀ ਇਸ ਲਾਡਲੀ ਤੇ ਹੋਣਹਾਰ ਨੰਨ੍ਹੀ ਧੀ ਰਾਣੀ ਨੂੰ ਐਮ.ਐਲ.ਏ. ਦਿਨੇਸ਼ ਚੱਢਾ ਅਤੇ ਜਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ ਨੇ ਸੋਨ ਤਮਗੇ ਨਾ.ਲ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਜਰਨੈਲ ਸਿੰਘ ਨਿੱਕੂਵਾਲ ,ਦਵਿੰਦਰ ਸਿੰਘ ਘਨੌਲਾ , ਗੁਰਪ੍ਰੀਤ ਸਿੰਘ ਚੇਅਰਮੈਨ 'ਕੌਰ ਵੈੱਲਫੇਅਰ ਫਾਊਂਡੇਸ਼ਨ', ਸਤਨਾਮ ਸਿੰਘ (ਪ੍ਰਧਾਨ), ਸੰਦੀਪ ਕੁਮਾਰ ਨਿੱਕਾ, ਕਰਾਟੇ ਕੋਚ ਅਤੁਲ ਸ਼ਰਮਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਹਰਿਆਣਾ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿੱਚ ਪਾਸ ਕੀਤੇ ਮਤੇ ਪ੍ਰਧਾਨ ਝੀਂਡਾ ਇਕੱਲੇ ਨਹੀਂ ਕਰ ਸਕਦੇ ਰੱਦ - ਜਥੇਦਾਰ ਰਾਮਸਰ , ਜਥੇਦਾਰ ਤਲਾਕੌਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ: ਗੁਰਮੀਤ ਸਿੰਘ ਰਾਮਸਰ ਅਤੇ ਜੂਨੀਅਰ ਮੀਤ ਪ੍ਰਧਾਨ ਸ੍ਰ: ਗੁਰਬੀਰ ਸਿੰਘ ਤਲਾਕੌਰ ਨੇ ਮੀਡੀਆ ਨੂੰ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿੱਚ ਬਹੁਮੱਤ ਨਾਲ ਪਾਸ ਕੀਤੇ ਹੋਏ ਮਤੇ ਕਮੇਟੀ ਪ੍ਰਧਾਨ ਸ੍ਰ :ਜਗਦੀਸ਼ ਸਿੰਘ ਝੀਂਡਾ ਇਕੱਲੇ ਰੱਦ ਨਹੀਂ ਕਰ ਸਕਦੇ ਉਹ ਕੇਵਲ ਉਸੇ ਨੂੰ ਰੱਦ ਕਰ ਸਕਦੇ ਹਨ ਜੋ ਉਹਨਾਂ ਨੇ ਇਕੱਲੇ ਤੌਰ ਤੇ ਸਬ ਕਮੇਟੀਆਂ ਬਣਾਈਆਂ ਸਨ । ਉਹ ਬਣਾਈਆਂ ਹੀ ਗਲਤ ਗਈਆਂ ਸਨ । ਜਿਸ ਦੇ ਖਿਲਾਫ ਅਸੀਂ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਕੋਲ 13 ਮੈਂਬਰ ਸਹਿਬਾਨਾਂ ਨੇ ਸਬੂਤਾਂ ਸਮੇਤ ਪੁੱਜ ਕੇ ਸ਼ਿਕਾਇਤ ਦਰਜ਼ ਕਰਵਾਈ ਹੈ । ਦੋਵੇਂ ਪ੍ਰਧਾਨਾਂ ਨੇ ਮੀਡੀਆ ਨਾਲ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿੱਚ ਬਹੁਮੱਤ ਨਾਲ ਪਾਸ ਹੋਏ ਮਤੇ ਕੇਵਲ 11 ਮੈਂਬਰੀ ਅੰਤ੍ਰਿੰਗ ਕਮੇਟੀ ਹੀ ਰੱਦ ਕਰ ਸਕਦੀ ਹੈ



ਕੋਈ ਇਕੱਲਾ ਦੁਕੱਲਾ ਵਿਅਕਤੀ ਨਹੀਂ ਭਾਂਵੇਂ ਪ੍ਰਧਾਨ ਹੀ ਕਿਉਂ ਨਾ ਹੋਵੇ । ਪ੍ਰਧਾਨ ਝੀਂਡਾ ਵੱਲੋਂ ਜੋ ਸਬ ਕਮੇਟੀਆਂ ਅਤੇ ਚੇਅਰਮੈਨੀਆਂ ਰੱਦ ਕਰਨ ਦੀ ਸਟੇਟਮੈਂਟ ਅਖਬਾਰਾਂ ਅਤੇ ਟੀਵੀ ਚੈਨਲਾਂ ਤੇ ਜਾਰੀ ਕੀਤੀ ਗਈ ਹੈ ਉਹ ਇੱਕ ਤਾਂ ਮਿਲਗੋਭਾ ਗੁੰਮਰਾਹਕੁੰਨ ਅਤੇ ਭੁਲੇਖਾ ਪਾਊ ਹੈ । ਸ੍ਰ: ਗੁਰਮੀਤ ਸਿੰਘ ਰਾਮਸਰ ਕਾਲਕਾ ਅਤੇ ਜੂਨੀਅਰ ਮੀਤ ਪ੍ਰਧਾਨ ਸ੍ਰ :ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ ਨੇ ਦੱਸਿਆ ਕਿ ਜੋ ਵੱਖ-ਵੱਖ ਵਿਭਾਗਾਂ ਦੇ ਚੇਅਰਮੈਨ ਬਣਾਏ ਗਏ ਸਨ ਉਹ ਬਕਾਇਦਾ ਅੰਤ੍ਰਿੰਗ ਕਮੇਟੀ ਵਿੱਚ ਬਹੁਮੱਤ ਨਾਲ 10 ਮੈਂਬਰਾਂ ਨੇ ਸਾਈਨ ਕਰਕੇ ਮਤਾ ਪਾਸ ਕੀਤਾ ਸੀ ਪਰ ਜੋ ਉਹਨਾਂ ਚੇਅਰਮੈਨਾਂ ਦੇ ਹੇਠਾਂ ਆਪਣੇ ਲੋਕਲ ਰਿਸ਼ਤੇਦਾਰ ਜਾਂ ਪਾਰਟੀ ਦੇ ਬੰਦੇ ਪਾ ਕੇ ਪ੍ਰਧਾਨ ਝੀਂਡਾ ਨੇ ਸਬ ਕਮੇਟੀਆਂ ਬਣਾਈਆਂ ਸਨ ਉਹ ਪ੍ਰਧਾਨ ਝੀਂਡਾ ਨੇ ਇਕੱਲੇ ਤੌਰ ਤੇ ਆਪਣੀ ਮਨਮਰਜ਼ੀ ਦੇ ਨਾਲ ਬਣਾਈਆਂ ਸਨ ਜੋ ਕੇ ਸਰਾਸਰ ਗਲਤ ਸਨ । ਉਹਨਾਂ ਨੇ ਇਹ ਵੀ ਦੱਸਿਆ ਕਿ ਜੋ ਜਰਨਲ ਹਾਊਸ ਨੇ ਅੰਤ੍ਰਿੰਗ ਕਮੇਟੀ ਨੂੰ ਪਾਵਰਾਂ ਟਰਾਂਸਫਰ ਕੀਤੀਆਂ ਸਨ ਅੰਤ੍ਰਿੰਗ ਕਮੇਟੀ ਨੇ ਕੋਈ ਵੀ ਪਾਵਰ ਪ੍ਰਧਾਨ ਨੂੰ ਟਰਾਂਸਫਰ ਨਹੀਂ ਕੀਤੀ ਸੀ ਕਿਉਂਕਿ ਅੰਤ੍ਰਿੰਗ ਕਮੇਟੀ ਨੂੰ ਪਹਿਲਾਂ ਹੀ ਪਤਾ ਸੀ ਕੇ ਪ੍ਰਧਾਨ ਝੀਂਡਾ ਸਾਹਿਬ ਪ੍ਰਧਾਨ ਬਣਨ ਤੋਂ ਬਾਅਦ ਅਜਿਹੀ ਡਿਕਟੇਟਰਸ਼ਿਪ ਕਰ ਸਕਦੇ ਹਨ ਜੋ ਅੱਜ ਪ੍ਰਧਾਨ ਝੀਂਡਾ ਵੱਲੋਂ ਕੀਤੀ ਜਾ ਰਹੀ ਹੈ । ਦੋਨਾਂ ਪ੍ਰਧਾਨਾਂ ਨੇ ਦੁੱਖ ਪ੍ਰਗਟ ਕਰਦੇ ਹੋਏ ਦੱਸਿਆ ਕਿ ਜਾਂ ਤਾਂ ਪ੍ਰਧਾਨ ਝੀਂਡਾ ਸਾਹਿਬ ਦਾ ਦਿਮਾਗੀ ਤਵਾਜ਼ਨ ਠੀਕ ਨਹੀਂ ਹੈ ਜਾਂ ਉਹਨਾਂ ਨੂੰ ਗੁਰਦੁਆਰਾ ਐਕਟ 2014 ਦੀ ਜਾਣਕਾਰੀ ਨਹੀਂ ਹੈ ਜਿਸ ਕਾਰਨ ਕਰਕੇ ਉਹ ਅਜਿਹੀ ਝੂਠੀ ਗੁੰਮਰਾਹਕੁੰਨ ਅਤੇ ਗੁਰਦੁਆਰਾ ਐਕਟ ਵਿਰੋਧੀ ਬਿਆਨਬਾਜ਼ੀ ਕਰਕੇ ਕਮੇਟੀ ਨੂੰ ਬਦਨਾਮ ਅਤੇ ਸਿੱਖ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ । ਉਹਨਾਂ ਨੇ ਕਿਹਾ ਕਿ ਪ੍ਰਧਾਨ ਝੀਂਡਾ ਨੂੰ ਡਿਕਟੇਟਰਸ਼ਿਪ ਸਬੂਤਾਂ ਤੋਂ ਬਿਨਾਂ ਝੂਠੀ ਬਿਆਨਬਾਜ਼ੀ ਛੱਡ ਸਾਰੀ ਕਮੇਟੀ ਨੂੰ ਇਕੱਠੇ ਬਿਠਾ ਕੇ ਹਰ ਮਸਲੇ ਤੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਹਰ ਮਸਲੇ ਦਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕੀਤਾ ਜਾ ਸਕੇ ਅਤੇ ਸਚਾਈ ਸਿੱਖ ਸੰਗਤਾਂ ਦੇ ਸਾਹਮਣੇ ਆ ਸਕੇ । ਦੋਸ਼ ਸਾਬਿਤ ਹੋਣ ਤੇ ਹੀ ਕਿਸੇ ਨੂੰ ਦੋਸ਼ੀ ਕਿਹਾ ਜਾ ਸਕਦਾ ਹੈ । ਇਸ ਸਾਰੇ ਮੁੱਦੇ ਤੇ ਜਦੋਂ ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਆਖਿਆ ਕਿ ਅਸੀਂ ਸਾਰੀਆਂ ਸਭ ਕਮੇਟੀਆਂ ਅਤੇ ਚੇਅਰਮੈਨੀਆ ਭੰਗ ਕਰ ਦਿੱਤੀਆਂ ਹਨ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਅਦਾਲਤ ਦਾ ਦਰਵਾਜਾ ਖੜਕਾ ਸਕਦਾ ਹੈ, ਅਦਾਲਤ ਦੇ ਦਰਵਾਜੇ ਸਭ ਲਈ ਖੁੱਲ੍ਹੇ ਹਨ।

for more news visit:
www.samajweekly.com

# ਇੱਕ ਰੁੱਖ ਮਾਂ ਦੇ ਨਾਂ ' ਮੁਹਿੰਮ ਤਹਿਤ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਲਗਾਏ ਗਏ ਬੂਟੇ

**(ਸਮਾਜ ਵੀਕਲੀ) ਸੰਦੀਪ ਸਿੰਘ ਬਖੋਪੀਰ:-** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ,ਕਿ ਬੀਤੇ ਦਿਨ ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਵਿਖੇ 'ਇੱਕ ਰੁੱਖ ਮਾਂ ਦੇ ਨਾਂ' ਮੁਹਿੰਮ ਤਹਿਤ 150 ਬੂਟੇ ਲਗਾਏ ਗਏ ,ਇਸ ਪ੍ਰਕਿਰਿਆ ਵਿੱਚ ਈਕੋ ਕਲੱਬ ਦੇ ਇੰਚਾਰਜ ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਰੋਲ ਅਦਾ ਕੀਤਾ ਗਿਆ ,ਚੌਥੀ ਜਮਾਤ ਤੋਂ ਛੇਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਲਗਭਗ 75 ਬੂਟੇ ਆਪਣੇ ਕਰ ਕਮਲਾਂ ਨਾਲ ਲਗਾਏ ਸਕੂਲ ਦੇ ਟਰਾਂਸਪੋਰਟ ਵਿਭਾਗ ਦੇ ਕਰਮਚਾਰੀਆਂ ਵੱਲੋਂ ਅਤੇ ਸਕੂਲ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਵੱਲੋਂ ਵੀ ਆਪਣੇ ਕਰ ਕਮਲਾ ਨਾਲ ਛਾਂ ਅਤੇ ਫ਼ਲਦਾਰ ਬੂਟੇ ਲਗਾ ਕੇ ਇਸ ਮੁਹਿੰਮ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਗਿਆ,ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਵੱਲੋਂ ਪ੍ਰਬੰਧਕ ਡਾਇਰੈਕਟਰ ਡਾ:ਗੁਰਮੀਤ ਸਿੰਘ ਜੀ ਦੀ ਇਸ ਕਾਰਜ ਲਈ ਸ਼ਲਾਘਾ ਕੀਤੀ ਗਈ, ਪ੍ਰਿੰਸੀਪਲ ਮੈਡਮ ਵੱਲੋਂ ਰੁੱਖਾਂ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਾਣੂ ਕਰਾਉਂਦਿਆਂ ਹੋਏ ਇਹਨਾਂ ਬੂਟਿਆਂ ਨੂੰ ਲਗਾਉਣ ਤੱਕ ਸੀਮਤ ਨਾ ਕਰਕੇ ਇਹਨਾਂ ਦੀ ਦੇਖਭਾਲ ਕਰਕੇ ਇਹਨਾਂ ਨੂੰ ਵੱਡੇ ਕਰਨ ਤੱਕ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ, ਸਕੂਲ ਵੱਲੋਂ ਹਰ ਸਾਲ ਹਰਿਆਲੀ ਮੁਹਿੰਮ ਤਹਿਤ ਹਰਿਆਲੀ ਨੂੰ ਵਧਾਉਣ ਅਤੇ ਧਰਤੀ ਦੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਹਮੇਸ਼ਾ ਫ਼ਲ ਅਤੇ ਛਾਂ ਵਾਲੇ ਰੁੱਖ ਲਗਾ ਕੇ ਆਪਣਾ ਮੁੱਢਲਾ ਯੋਗਦਾਨ ਪਾਇਆ ਜਾਂਦਾ ਹੈ। ਸਕੂਲ ਨੂੰ ਫੈਪ ਵੱਲੋਂ ਨੈਸ਼ਨਲ ਪੱਧਰ ਤੇ "ਈਕੋ ਫਰੈਂਡਲੀ ਬੈਸਟ ਸਕੂਲ ਦਾ ਅਵਾਰਡ ਵੀ ਮਿਲ ਚੁੱਕਾ ਹੈ। ਸਕੂਲ ਦੇ ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਇਸ ਮੁਹਿੰਮ ਲਈ ਆਪਣਾ ਮੁੱਢਲਾ ਰੋਲ ਅਦਾ ਕੀਤਾ ਗਿਆ, ਮੌਕੇ ਉੱਤੇ ਸਕੂਲ ਸਟਾਫ਼ ਅਤੇ ਈਕੋ ਕਲੱਬ ਦੇ ਸਾਰੇ ਮੈਂਬਰ ਸਾਹਿਬਾਨ ਮੌਜੂਦ ਸਨ॥





# ਜੈ ਦੁਰਗਾ ਕੰਪਿਊਟਰ ਸੈਂਟਰ ਵਿੱਚ ਮਨਾਇਆ ਗਿਆ ਤੀਆਂ ਦਾ ਤਿਉਹਾਰ



**ਭੀਖੀ ( ਕਮਲ ਜਿੰਦਲ)** ਸਥਾਨਕ ਜੈ ਦੁਰਗਾ ਕੰਪਿਊਟਰ ਇੰਸਟੀਚਿਊਟ ਐਂਡ ਕੋਚਿੰਗ ਸੈਂਟਰ ਵਿਖੇ ਸੈਂਟਰ ਦੀਆਂ ਵਿਦਿਆਰਥਣਾ ਵੱਲੋਂ ਤੀਆਂ ਤੀਜ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਵਿਦਿਆਰਥਣਾ ਨੇ ਪੰਜਾਬੀ ਬੋਲੀ 'ਤੇ ਖੂਬ ਗਿੱਧਾ ਪਾਇਆ। ਸੈਂਟਰ ਦੇ ਐਮ. ਡੀ ਅਮਨਦੀਪ ਕੌਰ ਨੇ ਵਿਦਿਆਰਥਣਾਂ ਨੂੰ ਤੀਆਂ ਤੀਜ ਦੀਆਂ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਤੀਆਂ ਆਪਸੀ ਤਾਲਮੇਲ ਅਤੇ ਪਿਆਰ ਮੁਹੱਬਤ ਦਾ ਪ੍ਰਤੀਕ ਹਨ। ਲੜਕੀਆਂ ਇਕੱਠੀਆਂ ਹੋ ਕੇ ਆਪਣੇ ਦਿਲ ਦੀਆ ਗੱਲਾਂ ਸਾਂਝੀਆਂ ਕਰਦੀਆਂ ਹਨ। ਉਹਨਾਂ ਵਿਦਿਆਰਥਣਾਂ ਨੂੰ ਆਪਣੇ ਸਭਿਆਚਾਰ ਨੂੰ ਸੰਭਾਲ ਕੇ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੈਂਟਰ ਦੇ ਹੈੱਡ ਜਗਸੀਰ ਸਿੰਘ, ਐਮ.ਡੀ ਅਮਨਦੀਪ ਕੌਰ , ਮਹਿਕਦੀਪ ਸਿੰਘ, ਪ੍ਰਿਯੰਕਾ, ਹਰਮਨ, ਸੁਖਵੀਰ, ਮਨਪ੍ਰੀਤ, ਸਿਮਰ, ਮਹਿਕ, ਅਤੇ ਇਸ ਮੌਕੇ ਪ੍ਰਿੰਸੀਪਲ ਮਨਦੀਪ ਕੌਰ (ਸਮਾਉ) ਮੈਡਮ ਵਿਸੇਸ ਤੌਰ ਤੇ ਪਹੁੰਚੇ।

# ਸਵਰਨਜੀਤ ਸਵੀ ਸੰਗ ਰੂ ਬ ਰੂ 27 ਨੂੰ-ਕੰਵਰ ਇਕਬਾਲ ਸਿੰਘ, ਸ਼ਹਿਬਾਜ਼ ਖ਼ਾਨ

**ਕਪੂਰਥਲਾ (ਕੌੜਾ)-** ਇਲਾਕੇ ਦੇ ਲੇਖਕਾਂ ਦੀ ਵਿਸ਼ਵ ਪ੍ਰਸਿੱਧ ਸੰਸਥਾ ਸਿਰਜਣਾ ਕੇਂਦਰ (ਰਜਿ.) ਕਪੂਰਥਲਾ ਵੱਲੋਂ ਵਿਸ਼ਵ ਪ੍ਰਸਿੱਧ ਸ਼ਾਇਰ, ਚਿੱਤਰਕਾਰ ਅਤੇ ਚੇਅਰਮੈਨ ਕਲਾ ਪਰੀਸ਼ਦ ਚੰਡੀਗੜ੍ਹ ਸਵਰਨਜੀਤ ਸਵੀ ਸੰਗ ਰੂਬਰੂ ਸਮਾਗਮ ਅਤੇ ਵਿਸ਼ੇਸ਼ ਸਨਮਾਨ ਮਿਤੀ 27 ਜੁਲਾਈ 2025 ਦਿਨ ਐਤਵਾਰ ਨੂੰ ਸਵੇਰੇ 10 ਵਜੇ ਕੇਂਦਰ ਦੇ ਦਫ਼ਤਰ ਵਿਰਸਾ ਵਿਹਾਰ ਕਪੂਰਥਲਾ ਵਿਖੇ ਕਰਵਾਇਆ ਜਾ ਰਿਹਾ ਹੈ । ਸਵਰਨਜੀਤ ਸਵੀ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਅਤੇ ਐਡੀਸ਼ਨਲ ਐਕਸ.ਈ.ਐੱਨ (ਰਿਟਾ.) ਅਵਤਾਰ ਸਿੰਘ ਥਿੰਦ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਜਦ ਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਡਾ.ਕਰਮਜੀਤ ਸਿੰਘ ਨਡਾਲਾ ਆਦਿ ਸੁਸ਼ੋਭਿਤ ਹੋਣਗੇ ।



**ਚੇਅਰਮੈਨ ਕਲਾ ਪਰੀਸ਼ਦ ਚੰਡੀਗੜ੍ਹ ਸਵਰਨਜੀਤ ਸਵੀ।**

ਕੇਂਦਰ ਦੇ ਅਹੁਦੇਦਾਰ ਆਸ਼ੂ ਕੁਮਰਾ ਅਤੇ ਮਲਕੀਤ ਸਿੰਘ ਮੀਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਸਵਰਨਜੀਤ ਸਵੀ ਨੇ ਪੰਜਾਬੀ ਸ਼ਾਇਰੀ, ਸੰਪਾਦਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕੀਤਾ ਹੋਇਆ ਹੈ ।ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਸ਼ਹਿਬਾਜ਼ ਖ਼ਾਨ ਨੇ ਵਿਸ਼ੇਸ਼ ਤੌਰ ਤੇ ਇਹ ਜਾਣਕਾਰੀ ਦਿੱਤੀ ਕਿ ਸਵਰਨਜੀਤ ਸਵੀ ਵੱਲੋਂ ਲਗਾਈਆਂ ਜਾ ਰਹੀਆਂ ਕਲਾ ਪ੍ਰਦਰਸ਼ਨੀਆਂ, ਅਤੇ ਨਾਟਕ ਦੇ ਖੇਤਰ ਸਮੇਤ ਉਪਰੋਕਤ ਸਾਹਿਤਕ ਪ੍ਰਾਪਤੀਆਂ ਸਦਕਾ ਹੀ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਕਲਾ ਪਰਿਸ਼ਦ ਚੰਡੀਗੜ੍ਹ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਜਿਸ ਕਲਾ ਪਰਿਸ਼ਦ ਚੰਡੀਗੜ੍ਹ ਵਿੱਚ ਇਨ੍ਹਾਂ ਤੋਂ ਪਹਿਲਾਂ ਪਦਮਸ਼੍ਰੀ ਡਾ. ਸੁਰਜੀਤ ਪਾਤਰ ਜੀ ਬਤੌਰ ਚੇਅਰਮੈਨ ਸੇਵਾ ਨਿਭਾ ਰਹੇ ਸਨ । ਕੇਂਦਰ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸਮੇਂ ਸਿਰ ਸਮਾਗਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ ।

# ਭੰਗਲ ਸਟੇਟ ਅਵਾਰਡੀ ਵੱਲੋਂ ਭੀਣ ਸਕੂਲ ਨੂੰ 11000 ਰੁਪਏ ਦੀ ਰਾਸ਼ੀ ਭੇਂਟ

**ਨਵਾਂਸ਼ਹਿਰ( ਚਰਨਜੀਤ ਸੱਲ੍ਹ)** ਸਰਕਾਰੀ ਹਾਈ ਸਕੂਲ ਭੀਣ ਵਿਖੇ ਇੱਕ ਸਾਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਅਧਿਆਪਕ ਪਰਵਿੰਦਰ ਸਿੰਘ ਸਟੇਟ ਅਵਾਰਡੀ ਵੱਲੋਂ ਭੀਣ ਸਕੂਲ ਨੂੰ ਆਪਣੇ ਜਨਮ ਦਿਨ ਦੀ ਖੁਸ਼ੀ ਵਿੱਚ 11000 ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੀ ਵੰਡੀ ਗਈ। ਉਹਨਾਂ ਆਪਣੇ ਜਨਮ ਦਿਨ ਦੀ ਖੁਸ਼ੀ ਵਿੱਚ ਸਕੂਲ ਵਿੱਚ ਆਂਵਲੇ ਦਾ ਪੌਦਾ ਵੀ ਲਗਾਇਆ। ਉਹਨਾਂ ਵਿਦਿਆਰਥੀਆਂ ਨੂੰ ਵੀ ਆਪਣਾ ਜਨਮ ਦਿਨ ਪੌਦਾ ਲਗਾ ਕੇ ਅਤੇ ਦਾਨ ਕਰਕੇ ਮਨਾਉਣ ਦਾ ਸੰਦੇਸ਼ ਦਿੱਤਾ। ਸਮੂਹ ਸਟਾਫ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅੰਜਨਾ,ਅਮਨਦੀਪ ਸਿੰਘ, ਰਾਕੇਸ਼ ਕੁਮਾਰੀ,ਸੁਮਨ ਰਾਣੀ,ਗਗਨਦੀਪ ਕੌਰ, ਕਿਰਨਦੀਪ ਕੌਰ, ਜਸਪ੍ਰੀਤ, ਬਲਵੀਰ ਸਿੰਘ ਹਾਜ਼ਰ ਸਨ।



# ਪ੍ਰਾਇਮਰੀ ਸਕੂਲ ਖੇਡਾਂ ਦੀ ਤਿਆਰੀ ਲਈ ਬਠਿੰਡਾ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਮੀਟਿੰਗ

**ਬਠਿੰਡਾ** ।ਪ੍ਰਾਇਮਰੀ ਸਕੂਲ ਪੱਧਰ 'ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਬਠਿੰਡਾ ਮਨਿੰਦਰ ਕੌਰ ਅਤੇ ਜ਼ਿਲ੍ਹਾ ਖੇਡ ਇੰਚਾਰਜ ਗੁਰਪ੍ਰੀਤ ਸਿੰਘ ਬਰਾੜ ਵੱਲੋਂ ਸਮੂਹ ਬਲਾਕ ਖੇਡ ਇੰਚਾਰਜਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਆਉਣ ਵਾਲੀਆਂ ਸੈਂਟਰ ਪੱਧਰੀ, ਬਲਾਕ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੀਆਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਰਣਨੀਤੀ ਬਣਾਉਣਾ ਸੀ।

ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਿੰਦਰ ਕੌਰ ਨੇ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਸਮੂਹ ਬਲਾਕ ਖੇਡ ਇੰਚਾਰਜਾਂ ਨੂੰ ਹਦਾਇਤ ਕੀਤੀ ਕਿ ਉਹ ਇਨ੍ਹਾਂ ਖੇਡਾਂ ਨੂੰ ਸਫ਼ਲ ਬਣਾਉਣ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨ। ਉਨ੍ਹਾਂ ਨੇ ਖੇਡਾਂ ਲਈ ਲੋੜੀਂਦੇ ਪ੍ਰਬੰਧਾਂ, ਜਿਵੇਂ ਕਿ ਮੈਦਾਨਾਂ ਦੀ ਉਪਲਬਧਤਾ, ਖੇਡ ਸਮੱਗਰੀ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਨਿਰਦੇਸ਼ ਦਿੱਤੇ। ਜ਼ਿਲ੍ਹਾ ਖੇਡ ਇੰਚਾਰਜ ਗੁਰਪ੍ਰੀਤ ਸਿੰਘ ਬਰਾੜ ਨੇ ਖੇਡਾਂ ਦੇ ਪ੍ਰਬੰਧਕੀ ਪਹਿਲੂਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬਲਾਕ ਇੰਚਾਰਜਾਂ ਨਾਲ ਖੇਡਾਂ ਦੇ ਸ਼ਡਿਊਲ, ਮੁਕਾਬਲਿਆਂ ਦੀ ਰੂਪ-ਰੇਖਾ ਅਤੇ ਨਿਯਮਾਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਸਾਰੇ



ਇੰਚਾਰਜਾਂ ਨੂੰ ਖੇਡਾਂ ਦੌਰਾਨ ਪਾਰਦਰਸ਼ਤਾ ਅਤੇ ਨਿਰਪੱਖਤਾ ਬਣਾਈ ਰੱਖਣ ਦੀ ਅਪੀਲ ਕੀਤੀ ਤਾਂ ਜੋ ਸਾਰੇ ਵਿਦਿਆਰਥੀਆਂ ਨੂੰ ਬਰਾਬਰ ਮੌਕੇ ਮਿਲ ਸਕਣ।

ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਸੈਂਟਰ ਪੱਧਰੀ ਖੇਡ ਮੁਕਾਬਲੇ ਕਰਵਾਏ ਜਾਣਗੇ, ਜਿੱਥੋਂ ਜੇਤੂ ਵਿਦਿਆਰਥੀ ਬਲਾਕ ਪੱਧਰ 'ਤੇ ਹਿੱਸਾ ਲੈਣਗੇ। ਬਲਾਕ ਪੱਧਰ ਦੇ ਜੇਤੂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਇਸ ਨਾਲ ਵਿਦਿਆਰਥੀਆਂ ਨੂੰ ਛੋਟੇ ਪੱਧਰ ਤੋਂ ਹੀ ਆਪਣੀਆਂ ਖੇਡ ਪ੍ਰਤਿਭਾਵਾਂ ਨੂੰ ਨਿਖਾਰਨ ਦਾ ਮੌਕਾ ਮਿਲੇਗਾ। ਇਸ ਮੀਟਿੰਗ ਤੋਂ ਬਾਅਦ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਜ਼ਿਲ੍ਹਾ ਬਠਿੰਡਾ ਵਿੱਚ ਪ੍ਰਾਇਮਰੀ ਸਕੂਲ ਖੇਡਾਂ ਦਾ ਪੱਧਰ ਹੋਰ ਉੱਚਾ ਹੋਵੇਗਾ ਅਤੇ ਵੱਧ ਤੋਂ ਵੱਧ ਵਿਦਿਆਰਥੀ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਹੋਣਗੇ।ਇਸ ਮੀਟਿੰਗ ਵਿੱਚ ਜਤਿੰਦਰ ਸ਼ਰਮਾਂ ,ਬੀ.ਐਸ.ੳ ਸਤਨਾਮ ਸਿੰਘ, ਬੀ.ਐਸ.ੳ ਭੁਪਿੰਦਰਜੀਤ ਸਿੰਘ, ਗਿਰਧਾਰੀ ਲਾਲ, ਦਵਿੰਦਰ ਸਿੰਘ, ਜਗਤਾਰ ਸਿੰਘ,ਪਿਰਤਪਾਲ ਸਿੰਘ ਆਦਿ ਹਾਜ਼ਰ ਸਨ।

# ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਸਮੂਹ ਅਧਿਕਾਰੀਆਂ ਨਾਲ ਵੀ.ਸੀ ਰਾਹੀਂ ਸਿਹਤ ਸੁਵਿਧਾਵਾਂ ਦੀ ਸਮੀਖਿਆ ਮੀਟਿੰਗ ਕੀਤੀ ਗਈ :- ਡਾਕਟਰ ਰਣਜੀਤ ਸਿੰਘ ਰਾਏ ਸਿਵਲ ਸਰਜਨ ਮਾਨਸਾ

**ਮਾਨਸਾ (ਚਾਨਣਦੀਪ ਸਿੰਘ ਔਲਖ )** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਿਹਤਮੰਦ ਦੇਖਣ ਲਈ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਇਸੇ ਲੜੀ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਸਿਹਤ ਸੇਵਾਵਾਂ ਵਿੱਚ ਹੋਰ ਸੁਧਾਰ ਲਿਆਉਣਾ ਅਤੇ ਸਮੇਂ ਦੀ ਮੰਗ ਅਨੁਸਾਰ ਸਿਹਤ ਸੁਵਿਧਾਵਾ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਮਾਨਯੋਗ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਜੀ ਅਤੇ ਸਿਹਤ ਸਕੱਤਰ ਪੰਜਾਬ ਦੇ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਡਾਕਟਰ ਅਨਿਲ ਕੁਮਾਰ ਗੋਇਲ ਪੰਜਾਬ ਵੱਲੋਂ ਨਿਸ਼ਚਿਤ ਕੀਤੀ ਗਈ ਇਕ ਵੀ.ਸੀ.ਜੋ ਕਿ ਪੰਜਾਬ ਦੇ ਡੀ.ਐਮ.ਸੀ.ਸੀਨੀਅਰ ਮੈਡੀਕਲ ਅਫ਼ਸਰ,ਸਮੂਹ ਪਰੋਗਰਾਮ ਅਫਸਰਾਂ ਵੱਲੋਂ ਅਟੈਂਡ ਕੀਤੀ ਗਈ, ਜਿਲਾ ਮਾਨਸਾ ਦੀ ਤਰਫੋ ਇਹ ਵੀ.ਸੀ. ਡਾਕਟਰ ਰਣਜੀਤ ਸਿੰਘ ਰਾਏ ਸਿਵਲ ਸਰਜਨ ਮਾਨਸਾ ਦੀ ਪ੍ਰਧਾਨਗੀ ਹੇਠ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਪ੍ਰੋਗਰਾਮ ਅਫਸਰਾਂ ਨੇ ਅਟੈਂਡ ਕੀਤੀ, ਸਿਵਲ ਸਰਜਨ ਮਾਨਸਾ ਡਾਕਟਰ ਰਾਏ ਨੇ ਜਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰ, ਸੀਨੀਅਰ ਮੈਡੀਕਲ ਅਫਸਰ,ਪੈਰਾ ਮੈਡੀਕਲ ਸਟਾਫ ਅਤੇ ਨਰਸਿੰਗ ਸਿਸਟਰ ਨੂੰ ਹਦਾਇਤ ਕੀਤੀ ਕਿ ਡਾਇਰੈਕਟਰ ਸਾਹਿਬ ਵੱਲੋਂ ਦਿੱਤੇ ਹੁਕਮਾਂ ਦੀ ਇਨ ਬਿਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਨਾਲ ਹੀ ਉਹਨਾਂ ਨੇ ਮੌਕੇ ਤੇ ਨਰਸਿੰਗ ਸਿਸਟਰ



ਨੂੰ ਹਦਾਇਤ ਕੀਤੀ ਕਿ ਬਜ਼ੁਰਗ ਮਰੀਜ਼ਾਂ ਲਈ ਦੋ ਵੀਲ ਚੇਅਰ ਹਰ ਵੇਲੇ ਸਮੇਤ ਸਹਾਇਕ ਹਸਪਤਾਲ ਦੇ ਦਰਵਾਜੇ ਤੇ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬਜ਼ੁਰਗਾਂ ਅਤੇ ਜਿਆਦਾ ਤਕਲੀਫ ਵਾਲੇ ਮਰੀਜ਼ਾਂ ਨੂੰ ਆਪਣੇ ਕਰਮਚਾਰੀ ਵੀਲ ਚੇਅਰ ਤੇ ਬਿਠਾ ਕੇ ਉਸ ਨੂੰ ਉਸ ਦਾ ਇਲਾਜ ਕਰਵਾਉਣ ਲਈ ਉਹਨਾਂ ਨੇ ਹਦਾਇਤ ਕੀਤੀ ਅਤੇ ਜੋ ਲੜਕੀਆਂ ਜੀ.ਐਨ.ਐਮ.ਅਤੇ ਏ.ਐਨ.ਐਮ ਦੀ ਟ੍ਰੇਨਿੰਗ ਲਈ ਆਉਂਦੀਆਂ ਹਨ ਉਹਨਾਂ ਤੋਂ ਹਰ ਮਰੀਜ਼ ਦਾ ਬੀ.ਪੀ.ਸ਼ੂਗਰ ਅਤੇ ਮਰੀਜ਼ ਦੇ ਨਾਲ ਐਕਸਰੇ,ਈ.ਸੀ.ਜੀ.ਅਤੇ ਹੋਰ ਟੈਸਟ ਕਰਾਉਣ ਲਈ ਮਦਦ ਲਈ ਜਾਵੇ, ਅਤੇ ਉਹਨਾਂ ਦਾ ਡਿਊਟੀ ਰੋਸਟਰ ਬਣਾ ਕੇ ਉਚ ਅਧਿਕਾਰੀਆਂ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ, ਇਸ ਮੀਟਿੰਗ ਰਾਹੀਂ ਉਹਨਾਂ ਨੇ ਸਮੂਹ ਅਧਿਕਾਰੀਆ/ਕਰਮਚਾਰੀਆਂ ਦੀ ਹਾਜਰੀ ਨੂੰ ਯਕੀਨੀ ਬਣਾਉਣਾ ਅਤੇ ਆਪਣੇ ਕੰਮ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨਾ ਤਾਂ ਜੋ ਸਿਹਤ ਸੇਵਾਵਾਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ ਨਾਲ ਹੀ ਉਹਨਾਂ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਬਾਇਓ ਮੈਡੀਕਲ ਬੇਸਟ ਮਨੇਜਮੈਂਟ, ਹਸਪਤਾਲਾਂ ਦੀ ਸਾਫ ਸਫਾਈ ਦਿਨ ਵਿਚ ਦੋ ਵਾਰ ਹੋਣੀ ਯਕੀਨੀ ਬਣਾਈ ਜਾਵੇ,ਬੈਡ ਸੀਟ ਸਰਕਾਰ ਵੱਲੋਂ ਨਿਸ਼ਚਿਤ ਕੀਤੇ ਗਏ ਦਿਨ ਅਤੇ ਕਲਰ ਵਾਈਜ ਹਰ ਰੋਜ਼ ਸਾਫ ਸੁਥਰੀਆਂ ਵਿਛਾਉਣੀਆਂ ਯਕੀਨੀ ਬਣਾਈਆਂ ਜਾਣ, ਹਰ ਸਿਹਤ ਸੰਸਥਾ ਵਿਖੇ ਵੱਧ ਤੋਂ ਵੱਧ ਛਾਂਦਾਰ ਬੂਟੇ ਲਗਾ ਕੇ ਉਹਨਾਂ ਦੀ ਸਮੇਂ ਸਮੇਂ ਤੇ ਸਾਂਭ ਸੰਭਾਲ ਕੀਤੀ ਜਾਵੇ,ਅਤੇ ਲੈਬ ਟੈਸਟ, ਈ.ਸੀ.ਜੀ.ਐਕਸਰੇ, ਅਲਟਰਾਸਾਊਂਡ, ਦਵਾਈਆਂ ਅਤੇ ਇਨਸਟਰੂਮੈਂਟਸ, ਸਪੈਸ਼ਲਿਸਟ ਡਾਕਟਰਜ਼ ਦੇ ਬੈਂਚ ਮਾਰਕ ਸੰਬਧੀ ਵਿਸਥਾਰ ਸਾਹਿਤ ਜਾਣਕਾਰੀ ਸਾਂਝੀ ਕੀਤੀ ਤਾਂ ਜੋਂ ਮਰੀਜ਼ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਨਾਲ ਹੀ ਹਦਾਇਤ ਕੀਤੀ ਕਿ ਕਿਸੇ ਵੀ ਮਰੀਜ਼ ਨੂੰ ਕਿਸੇ ਵੀ ਕਿਸਮ ਦੀ ਦਵਾਈ ਬਾਹਰੋ ਨਾ ਖਰੀਦਣੀ ਪਵੇ। ਨਾਲ ਹੀ ਉਹਨਾਂ ਨੇ ਰੋਡ ਐਕਸੀਡੈਂਟ ਵਾਲੇ ਮਰੀਜ਼ਾਂ ਨੂੰ ਫਰਿਸ਼ਤੇ ਸਕੀਮ ਅਤੇ ਆਮ ਮਰੀਜ਼ਾਂ ਨੂੰ ਆਯੂਸ਼ਮਾਨ ਸਕੀਮ ਅਧੀਨ ਵੱਧ ਤੋਂ ਵੱਧ ਲਾਭ ਪਚਾਉਣ ਦੀ ਹਦਾਇਤ ਕੀਤੀ।,ਇਸ ਮੌਕੇ ਡਾਕਟਰ ਮਯੰਕ ਡੀ.ਐਮ.ਸੀ.ਮਾਨਸਾ,ਜਿਲਾ ਟੀਕਾਕਰਨ ਅਫ਼ਸਰ ਡਾਕਟਰ ਬਲਜੀਤ ਕੌਰ ,ਜਿਲਾ ਪਰਿਵਾਰ ਭਲਾਈ ਅਫਸਰ ਡਾਕਟਰ ਕੰਵਲਪ੍ਰੀਤ ਕੌਰ ਬਰਾੜ, ਡਾਕਟਰ ਜਗਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਮਾਨਸਾ ਕੰਮ ਸਰਦੂਲਗੜ੍ਹ,,ਡਾਕਟਰ ਮਨਜੀਤ ਕੌਰ ਸੀਨੀਅਰ ਮੈਡੀਕਲ ਅਫ਼ਸਰ ਬੁਢਲਾਡਾ,ਸਮੂਹ ਨਰਸਿੰਗ ਸਿਸਟਰ, ਫਾਰਮੇਸੀ ਅਫਸਰ ,ਮਾਸ ਮੀਡੀਆ ਵਿੰਗ ਅਤੇ ਹੋਰ ਅਧਿਕਾਰੀਆਂ ਅਤੇ ਸਬੰਧਤ ਕਰਮਚਾਰੀਆ ਦੀ ਤਰਫੋਂ ਅਟੈਂਡ ਕੀਤੀ ਗਈ।

# ਸਕੂਲ ਆਫ ਐਮੀਨੈਂਸ ਬਾਗਪੁਰ -ਸਤੌਰ ਵਿਖੇ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)–** ਡਾਇਰੈਕਟਰ ਸਿੱਖਿਆ ਵਿਭਾਗ (ਐਲੀਮੈਂਟਰੀ ਸਿੱਖਿਆ) ਪੰਜਾਬ ਦੇ ਹੁਕਮਾਂ ਅਨੁਸਾਰ ਸਕੂਲ ਆਫ ਐਮੀਨੈਂਸ ਬਾਗ-ਪੁਰ -ਸਤੌਰ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਸਾਲ 2025-27 ਦੋ ਸਾਲ ਲਈ ਸਰਬਸੰਮਤੀ ਨਾਲ ਕੀਤੀ ਗਈ। ਇਸ ਸਬੰਧੀ ਪ੍ਰਿੰਸੀਪਲ ਸੁਰਜੀਤ ਸਿੰਘ ਬੱਧਣ ਨੇ ਦੱਸਿਆ ਕਿ ਸਿੱਖਿਆ ਸਮੁਦਾਇ ਦੀ ਮੀਟਿੰਗ ਸਕੂਲ ਮੈਨੇਜਮੈਂਟ ਕਮੇਟੀ ਦੇ ਗਠਨ ਸਬੰਧੀ ਰੱਖੀ ਗਈ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਦੇ ਮਾਪਿਆਂ ਦੁਆਰਾ ਭਾਗ ਲਿਆ ਗਿਆ, ਜਿਨਾਂ ਵਿੱਚ ਆਪਸੀ ਸਹਿਮਤੀ ਨਾਲ ਮਨਜਿੰਦਰ ਸਿੰਘ ਨੂੰ ਸਕੂਲ ਮੈਨੇਜਮੈਂਟ ਕਮੇਟੀ ਦਾ ਚੇਅਰਮੈਨ, ਪ੍ਰਿੰਸੀਪਲ ਸਰਜੀਤ ਸਿੰਘ ਨੂੰ ਮੈਂਬਰ ਸਕੱਤਰ, ਸੁਰਿੰਦਰ ਕੌਰ, ਕਰਮਜੀਤ ਕੌਰ ਅਤੇ ਸੁਨੀਤਾ ਰਾਣੀ, ਰਾਜਦੀਪ, ਪਰਮਵੀਰ ਸਿੰਘ ਗੁਰਵਿੰਦਰ ਸਿੰਘ, ਰਾਜਵੀਰ ਕੌਰ, ਸੀਮਾ, ਪਵਨ ਕੁਮਾਰ, ਸੁਰਜੀਤ ਕੌਰ, ਹਰਵਿੰਦਰਜੀਤ ਸਿੰਘ, ਪਰਵਿੰਦਰ ਸਿੰਘ ,ਰਾਜਵਿੰਦਰ ਕੌਰ, ਪਰਮਿੰਦਰ ਸਿੰਘ ਆਦਿ ਵਿਦਿਆਰਥੀਆਂ ਦੇ ਮਾਪਿਆਂ, ਅਧਿਆਪਕਾਂ ਅਤੇ ਚੁਣੇ ਹੋਏ ਨੁਮਾਇੰਦਿਆਂ 'ਚੋਂ ਚੁਣੇ ਗਏ। ਉਹਨਾਂ ਦੱਸਿਆ ਕਿ ਇਹ ਸਕੂਲ ਮੈਨੇਜਮੈਂਟ ਕਮੇਟੀ ਦੋ ਸਾਲ ਲਈ ਸਕੂਲ ਦੇ ਵਿਕਾਸ ਕਾਰਜਾਂ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰੇਗੀ।



**ਫੋਟੋ ਅਜਮੇਰ ਦੀਵਾਨਾ**

# ਬਿਸਤ ਦੋਆਬ ਨਹਿਰ ਉੱਤੇ ਰੋਜ਼ਾਨਾ ਵਾਪਰ ਰਹੇ ਹਾਦਸਿਆਂ ਨੂੰ ਰੋਕਣ ਲਈ ਨਹਿਰ ਦੇ ਕੰਢਿਆਂ 'ਤੇ ਪੰਜਾਬ ਸਰਕਾਰ ਲਗਾਵੇ ਜਲਦੀ ਰੇਲਿੰਗ : ਸੋਹਨ ਸਿੰਘ ਠੰਡਲ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਬਿਸਤ ਦੋਆਬ ਨਹਿਰ ਉੱਤੇ ਰੋਜ਼ਾਨਾ ਵਾਪਰ ਰਹੇ ਹਾਦਸਿਆਂ ਨੂੰ ਲੈ ਕੇ ਸਾਬਕਾ ਕੈਬਨਿਟ ਮੰਤਰੀ ਸੋਹਨ ਸਿੰਘ ਠੰਡਲ ਨੇ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਇਸ ਨਹਿਰ ਦੇ ਕੰਢਿਆਂ 'ਤੇ ਰੇਲਿੰਗ ਲਾਉਣੀ ਬਹੁਤ ਜ਼ਰੂਰੀ ਹੋ ਗਈ ਹੈ ਤਾਂ ਕਿ ਕੋਈ ਵਾਹਨ ਨਹਿਰ ਵਿੱਚ ਨਾ ਡਿੱਗੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਉਨ੍ਹਾਂ ਦੇ ਕੈਬਨਿਟ ਮੰਤਰੀ ਸਮੇਂ ਦੌਰਾਨ ਇੱਥੇ ਕਾਫ਼ੀ ਸੁਧਾਰ ਕੀਤੇ ਗਏ ਸਨ, ਪਰ ਹੁਣ ਸੜਕ ਬਹੁਤ ਉੱਚੀ ਹੋ ਗਈ ਹੈ ਤੇ ਨਹਿਰ ਦੀ ਪਟੜੀ ਹੇਠਾਂ ਰਹਿ ਗਈ ਹੈ, ਜਿਸ ਕਾਰਨ ਵੱਡੇ ਛੋਟੇ ਵਾਹਨ ਕਈ ਵਾਰ ਨਹਿਰ ਵਿੱਚ ਡਿੱਗ ਜਾਂਦੇ ਹਨ ਅਤੇ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ।



ਸੋਹਣ ਸਿੰਘ ਠੰਡਲ ਨੇ ਮੰਗ ਕੀਤੀ ਕਿ ਜਿੱਥੇ ਸੜਕ ਨੇੜੇ ਵੱਡੇ ਦਰੱਖਤ ਹਨ ਜੋ ਬਾਰਿਸ਼ ਜਾਂ ਹਨੇਰੀ ਦੌਰਾਨ ਸੜਕ ਉੱਤੇ ਝੁੱਕ ਜਾਂਦੇ ਹਨ, ਉਹਨਾਂ ਦਾ ਜੰਗਲਾਤ ਵਿਭਾਗ ਤੁਰੰਤ ਹੱਲ ਕਰਨਾ ਚਾਹੀਦਾ ਹੈ ।ਉਨ੍ਹਾਂ ਦੱਸਿਆ ਕਿ ਟ੍ਰੈਫਿਕ ਸੁਰੱਖਿਆ ਲਈ ਮਾਹਿਲਪੁਰ ਤੋਂ ਕੋਟ ਫਤੂਹੀ ਜਾਂ ਮੇਹਟੀਆਣਾ ਰਾਹੀਂ ਫੁਗਲਾਣਾ ਜਾਣ ਵਾਲੇ ਰੇਤ-ਬਜਰੀ ਲੈ ਕੇ ਜਾਣ ਵਾਲੇ ਟਿੱਪਰ ਵੀ ਕਈ ਵਾਰ ਹਾਦਸਿਆਂ ਦਾ ਕਾਰਨ ਬਣਦੇ ਹਨ। ਉਹਨਾਂ ਕਿਹਾ ਕਿ ਜੇ ਇਹ ਟਿੱਪਰ ਹੁਸ਼ਿਆਰਪੁਰ ਰਾਹੀਂ ਭੇਜੇ ਜਾਣ, ਤਾਂ ਰੂਟ ਸਿਰਫ਼ 2 ਕਿਲੋਮੀਟਰ ਲੰਮਾ ਹੋ ਜਾਵੇਗਾ ਪਰ ਸੜਕ ਵਧੀਆ ਮਿਲੇਗੀ ਤੇ ਹਾਦਸਿਆਂ ਤੋਂ ਬਚਾਅ ਹੋਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਲੈ ਕੇ ਉਹ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਮਿਲ ਚੁੱਕੇ ਹਨ, ਡਿਪਟੀ ਸਪੀਕਰ ਜੈਕ੍ਰਿਸ਼ਨ ਸਿੰਘ ਰੌੜੀ ਨਾਲ ਵੀ ਗੱਲ ਕੀਤੀ ਹੈ ਤੇ ਹੁਣ ਸੰਸਦ ਮੈਂਬਰ ਤੇ ਵਿਧਾਇਕ ਨਾਲ ਵੀ ਇਹ ਮਾਮਲਾ ਚੁੱਕਣ ਲਈਂ ਗੱਲ ਕਰਾਂਗੇ !

# ਪੰਜਾਬ ਸਰਕਾਰ ਵਲੋਂ ਪੇਂਡੂ ਖੇਤਰਾਂ ਵਿੱਚ ਸਾਫ਼ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਯਤਨ ਲਗਾਤਾਰ ਜਾਰੀ:- ਡਿਪਟੀ ਸਪੀਕਰ

## ਡਿਪਟੀ ਸਪੀਕਰ ਵਲੋਂ ਪਿੰਡ ਚੱਕ ਸਿੰਘਾਂ 'ਚ 65 ਲੱਖ ਰੁਪਏ ਦੀ ਲਾਗਤ ਨਾਲ ਬਣੀ ਜਲ ਸਪਲਾਈ ਸਕੀਮ ਦਾ ਕੀਤਾ ਉਦਘਾਟਨ

**ਗੜ੍ਹਸੰਕਰ /ਹੁਸ਼ਿਆਰਪੁਰ (ਬਲਵੀਰ ਚੌਂਪੜਾ)** ਹਲਕਾ ਵਿਧਾਇਕ ਅਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸ਼੍ਰੀ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਪਿੰਡ ਚੱਕ ਸਿੰਘਾਂ ਵਿੱਚ ਨਵੀਂ ਬਣੀ ਪਾਣੀ ਵਾਲੀ ਟੈਂਕੀ ਅਤੇ ਪਾਣੀ ਵਾਲੀ ਮੋਟਰ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ 'ਤੇ ਲਗਭਗ 65 ਲੱਖ ਰੁਪਏ ਦੀ ਲਾਗਤ ਆਈ ਹੈ, ਜਿਸ ਨਾਲ ਪਿੰਡ ਵਾਸੀਆਂ ਨੂੰ ਸਾਫ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ ਮਿਲੇਗਾ ਅਤੇ ਪਿੰਡ ਵਿੱਚ ਕਈ ਦਿਨਾਂ ਤੋਂ ਚੱਲ ਰਹੀ ਪਾਣੀ ਦੀ ਸਮੱਸਿਆ ਦਾ ਹੱਲ ਹੋ ਗਿਆ ਹੈ। ਇਸ ਮੌਕੇ ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਜੀਹ ਹੈ ਕਿ ਹਰੇਕ ਪਿੰਡ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਬਿਮਾਰੀਆਂ ਵੀ



ਘੱਟ ਹੋਣਗੀਆਂ। ਰੋੜੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਲੋੜਵੰਦ ਇਲਾਕਿਆਂ ਨੂੰ ਮੁੱਢਲੀਆਂ ਸਹੂਲਤਾਂ ਨਾਲ ਜੋੜਨ ਦੀ ਨੀਤੀ ਬਹੁਤ ਪ੍ਰਭਾਵਸ਼ਾਲੀ ਅਤੇ ਕੁਸ਼ਲ ਸਾਬਤ ਹੋ ਰਹੀ ਹੈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਮੂਲ ਸੁਵਿਧਾਵਾਂ ਦੇ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਹਰ ਇਕ ਘਰ ਤੱਕ ਸਾਫ ਪੀਣ ਵਾਲਾ ਪਾਣੀ ਪਹੁੰਚ ਸਕੇ। ਪਿੰਡ ਦੇ ਵਾਸੀਆਂ ਨੇ ਇਸ ਮੌਕੇ ਡਿਪਟੀ ਸਪੀਕਰ ਦਾ ਧੰਨਵਾਦ ਕੀਤਾ ਅਤੇ ਖੁਸ਼ੀ ਜਤਾਈ।

# ਸ੍ਰੀ ਹਰਿਮੰਦਰ ਸਾਹਿਬ ਨੂੰ ਈਮੇਲ ਤੇ ਧਮਕੀਆਂ ਭੇਜਣ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ : ਭੁਪਿੰਦਰ ਸਿੰਘ ਪਿੰਕੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਗਰੀਬਾਂ ਲਾਚਾਰਾਂ ਅਤੇ ਲਤਾੜੇ ਹੋਏ ਲੋਕਾਂ ਦੀ ਮਦਦ ਕਰਨ ਵਾਲੇ ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀਆਂ ਮਿਲੀਆਂ ਧਮਕੀਆਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਦੇ ਹੋਏ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੋਹਾਂ ਵੱਲੋਂ ਇਸ ਮਾਮਲੇ ਵਿੱਚ ਫੌਰੀ ਤੌਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਇਹ ਧਮਕੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਫੀਸ਼ੀਅਲ ਈਮੇਲ ਤੇ ਭੇਜੀਆਂ ਗਈਆਂ ਹਨ ਜਿਸ ਬਾਰੇ ਪੰਜਾਬ ਪੁਲਿਸ ਵੱਲੋਂ ਖੁਲਾਸਾ ਵੀ ਕੀਤਾ ਗਿਆ ਹੈ ਇਸ ਸਬੰਧੀ ਪੰਜਾਬ ਪੁਲਿਸ ਨੇ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਸ਼ੁਭਮ ਦੁਬੇ ਨਾਂ ਦਾ ਵਿਅਕਤੀ ਜੋ



ਫਰੀਦਾਬਾਦ ਦਾ ਰਹਿਣ ਵਾਲਾ ਹੈ ਜਿਸ ਨੇ ਇਹ ਈਮੇਲਾਂ ਕੀਤੀਆਂ ਹਨ ਅਤੇ ਉਹ ਪੂਰਨ ਤੌਰ ਤੇ ਸ਼ੱਕ ਦੇ ਘੇਰੇ ਵਿੱਚ ਹੈ। ਉਨਾਂ ਕਿਹਾ ਕਿ ਇਹ ਪਹਿਲਾ ਮੌਕਾ ਨਹੀਂ ਜਦੋਂ ਸਿੱਖ ਕੌਮ ਨੂੰ ਟਾਰਗੇਟ ਕੀਤਾ ਗਿਆ ਹੋਵੇ। ਉਨਾਂ ਯਾਦ ਕਰਵਾਇਆ ਕਿ 2018 ਨੂੰ ਆਈ. ਐਸ.ਆਈ.ਐਸ. ਨੇ ਇਰਾਕ ਵਿਚ 38 ਸਿੱਖਾਂ ਦੀ ਹੱਤਿਆ ਕੀਤੀ ਸੀ ਜਦੋਂ ਕਿ 2021 ਨੂੰ ਪੇਸ਼ਾਵਰ ਵਿਚ ਸਿੱਖ ਡਾ. ਸਤਨਾਮ ਸਿੰਘ ਅਤੇ 1 ਅਕਤੂਬਰ 2021 ਨੂੰ ਸ੍ਰੀਨਗਰ ਵਿਚ ਸਿੱਖ ਪ੍ਰਸੀਪਲ ਸੁਪਿੰਦਰ ਕੌਰ ਨੂੰ ਗੋਲੀ ਮਾਰ ਕੇ ਮਾਰਿਆ ਗਿਆ ਸੀ । ਉਨਾਂ ਦੋਸ਼ ਲਾਇਆ ਕਿ ਇਨਾਂ ਘਟਨਾਵਾਂ 'ਤੇ ਮੋਦੀ ਸਰਕਾਰ ਨੇ ਕੋਈ ਗੰਭੀਰ ਜਾਂਚ ਨਹੀਂ ਕੀਤੀ ਜਦ ਕਿ ਇਸ ਦੀ ਜਾਂਚ ਹੋਣੀ ਬਹੁਤ ਹੀ ਜਰੂਰੀ ਸੀ। ਉਹਨਾਂ ਕਿਹਾ ਕਿ ਜਦੋਂ ਕਾਬੁਲ ਵਿੱਚ ਘਟਨਾ ਹੋਈ ਸੀ ਅਤੇ ਜਿੱਥੇ 25 ਸਿੱਖ ਮਾਰੇ ਗਏ ਸਨ ਮੋਦੀ ਸਰਕਾਰ ਨੇ ਉਸ ਵੇਲੇ ਐਲਾਨ ਕੀਤਾ ਸੀ ਕਿ ਐਨ ਆਈ ਏ ਇਸਦੀ ਜਾਂਚ ਕਰੇਗੀ ਪਰ ਅਜੇ ਤੱਕ ਉਸ ਦੀ ਵੀ ਕੋਈ ਰਿਪੋਰਟ ਸਾਹਮਣੇ ਨਹੀਂ ਆਈ। ਉਨਾਂ ਮੰਗ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਲੀਆਂ ਧਮਕੀਆਂ ਦੀ ਜਾਂਚ ਸਖ਼ਤੀ ਨਾਲ ਕੀਤੀ ਜਾਵੇ ਅਤੇ ਸ਼ੱਕੀ ਵਿਅਕਤੀਆਂ ਉਤੇ ਯੂ ਏ ਪੀ ਏ ਅਤੇ ਐਨ.ਐਸ ਏ ਲਗਾਇਆ ਜਾਵੇ ਤਾਂ ਕਿ ਕੋਈ ਵੀ ਵਿਅਕਤੀ ਇਹੋ ਜਿਹੀ ਘਿਨੌਉਣੀ ਹਰਕਤ ਕਰਨ ਤੋਂ ਪਹਿਲਾਂ 100 ਵਾਰੀ ਸੋਚੇ !

# ਮਾਡਰਨ ਸਮਾਜ ਸੇਵਕ



ਬਚਪਨ ਦੇ ਵਿੱਚ ਤਿਤਲੀਆਂ ਤੱਕੀਆਂ ,
ਭਰ ਜੋਬਨ ਵਿੱਚ ਕੁੜੀਆਂ ।
ਸਨ ਧਨ ਦੌਲਤ ਦੀਆਂ ਭੁੱਖੀਆਂ ਤਾਰਾਂ ,
ਰੂਹਾਂ ਦੀਆਂ ਨਾ ਜੁੜੀਆਂ ।
ਫ਼ਿਰ ਅਧਖੜ ਉਮਰ ਦਾ ਸਮਾਂ ਸੁਨਹਿਰੀ,
ਦੇਸ਼ ਕੌਮ ਦੇ ਲੇਖੇ ਲਾ 'ਤਾ ।
ਹੁਣ ਪਿਛਲੀ ਉਮਰੇ ਸਾਥ ਨਿਭਾਉਂਦੀਆਂ,
ਦੇਸੀ ਵੈਦ ਦੀਆਂ ਪੁੜੀਆਂ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

# ਘੁੱਟ ਚਾਹ

ਚੱਲ ਛੱਡ ਯਾਰ ਗੁੱਸੇ ਗਿਲੇ
ਮੈਂ ਮਾੜਾ ਤੂੰ ਚੰਗਾ ਸਹੀਂ
ਆ ਘੁੱਟ ਚਾਹ ਤਾਂ ਪੀ ਲਈਏ...
ਮੰਨਿਆ ਮੈਂ ਵੀ ਥੋੜਾ ਝੱਲਾ ਸੀ
ਪਰ ਤੂੰ ਤਾਂ ਸਮਝਦਾਰ ਸੀ
ਬਹਿ ਮੇਰੇ ਕੋਲ ਰਹਿੰਦੇ ਸਾਹ ਤਾਂ ਜੀ ਲਈਏ
ਆ ਘੁੱਟ ਚਾਹ ਤਾਂ ਪੀ ਲਈਏ...
ਤੇਰਾ ਮੇਰਾ ਸਾਥ ਵੇਖ ਲੋਕੀਂ ਜਰਦੇ ਨਹੀਂ
ਚੱਲ ਖੜ ਮੇਰੇ ਨਾਲ ਲੋਕਾਂ ਦੇ ਬੁੱਲ ਸੀ ਦਈਏ
ਆ ਘੁੱਟ ਚਾਹ ਤਾਂ ਪੀ ਲਈਏ...
ਚੱਲ ਛੱਡ ਸਰਤਾਜ ਗੁੱਸੇ ਗਿਲੇ
ਮੈਂ ਮਾੜਾ ਤੂੰ ਚੰਗਾ ਸਹੀ
ਤੂੰ ਆ ਘੁੱਟ ਚਾਹ ਤਾਂ ਪੀ ਲਈਏ
ਤੂੰ ਆ ਘੁੱਟ ਚਾਹ ਤਾਂ ਪੀ ਲਈਏ॥।



**ਸਰਤਾਜ ਸਿੰਘ ਸੰਧੂ**
**ਪਿੰਡ ਰਣੀਕੇ**
**ਜ਼ਿਲ੍ਹਾ ਅੰਮ੍ਰਿਤਸਰ**
**9170000064**

# ਚੁੱਪ ਦੇ ਬੋਲ

ਚੁੱਪ ਦੇ ਬੋਲ ਸੁਣਾਵਾਂ ਕਿੱਦਾਂ,
ਵਿੱਚ ਲਫਜ਼ੀਂ ਫੁਰਮਾਵਾਂ ਕਿੱਦਾਂ।
ਚੁੱਪ ਦੀ ਭਾਸ਼ਾ ਹੈ ਅਨਮੋਲ,
ਚੁੱਪ ਵਿੱਚ ਹਨ ਖੁਦਾ ਦੇ ਬੋਲ।

ਜਦ ਮੈਂ ਭੇਦ ਸੱਜਣ ਦਾ ਪਾਇਆ,
ਚੁੱਪ ਨੇ ਹੀ ਆ ਸਾਥ ਨਿਭਾਇਆ।
ਸੱਜਣ ਫੇਰ ਆ ਕੀਤਾ ਇਸ਼ਾਰਾ,
ਐਵੇਂ ਨਾ ਹੁਣ ਪਾਈਂ ਖਲਾਰਾ।

ਚੁੱਪ ਵਿੱਚ ਹੀ ਮੈਂ ਮਿਲਿਆਂ ਤੈਨੂੰ,
ਲੋਕੀ ਲੱਭ ਰਹੇ ਨੇ ਮੈਨੂੰ।
ਐ ਪਰ ਨਾ ਮੈਂ ਲੜ ਫੜਾਵਾਂ,
ਚੁੱਪ ਵਿੱਚ ਹੀ ਆ ਦਰਸ਼ ਦਿਖਾਵਾਂ।

ਇਹ ਵੀ ਰੱਖੀਂ ਵਿੱਚ ਧਿਆਨ,
ਤੈਨੂੰ ਬਖਸ਼ੂੰ ਗੂੜ ਗਿਆਨ।
ਜੇ ਚੁੱਪ ਕਰਕੇ ਧਿਆਨ ਲਗਾਉਂ,
ਜੋ ਚਾਹੇ ਉਹ ਹੀ ਲਿਖਵਾਉਂ।

ਚੁੱਪ 'ਚ ਹੀ ਹੈ ਮੇਰਾ ਵਾਸ,
ਨਾ ਕਿਤੇ ਲੱਭਣਾ ਹੋਰ ਨਿਵਾਸ।
ਰੌਲਾ ਪਾ ਨਾ ਪਾ ਲਈਂ ਪੁਆੜਾ,
ਨਾ ਮਿਲਣਾ ਮੈਂ ਫੇਰ ਦੁਬਾਰਾ।



ਮੰਨ ਕੇ ਮੈਂ ਸੱਜਣ ਦੀ ਗੱਲ,
ਧਿਆਨ ਲਗਾਇਆ ਓਹ ਦੇ ਵੱਲ।
ਜਿਹੜਾ ਚੁੱਪ 'ਚ ਕਰੇ ਨਿਵਾਸ,
ਓਹੀਓ ਆਉਣ ਨਿਭਾਵੇ ਸਾਥ।

ਚੁੱਪ ਦੇ ਬੋਲ ਖੁਦਾ ਦੀ ਰਹਿਮਤ,
ਜਦ ਆ ਸਾਥ ਨਿਭਾਵੇ।
ਬਨਾਰਸੀ ਦਾਸ ਕਲਮ ਉਠਾ ਕੇ,
ਪਲ-ਪਲ ਲਿਖਦਾ ਜਾਵੇ।

**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
**ਸੰਪਰਕ: 94635-05286**
**ਪਿੰਡ: ਰੱਤੇਵਾਲ ਤਹਿ: ਬਲਾਚੌਰ**
**ਜਿਲਾ: ਐਸ ਬੀ ਐਸ ਨਗਰ ਨਵਾਂਸ਼ਹਿਰ**
**( ਪੰਜਾਬ )**

# ਮਾਹੀ ਵੇ ਇੱਕ ਤੇਰੇ ਤੋਂ ਬਿਨਾਂ

ਭਾਵੇਂ ਬਾਰਸ਼ ਪੈਂਦੀ ਐ ਪਰ ਤਾਂ ਵੀ ,
ਹੀਲਾ ਜਿਉਂਣ ਦਾ 'ਨੀਂ ਲੱਗਦਾ ।
ਮੈਂ ਕਿਹੜੇ ਹੌਂਸਲੇ ਬੋਲੀਆਂ ਪਾਵਾਂ ,
ਗੀਤ ਗਾਉਂਣ ਦਾ 'ਨੀਂ ਲੱਗਦਾ ।
ਅਜੇ ਲੱਥੀ ਨਾ ਵਿਆਹ ਦੀ ਮਹਿੰਦੀ,
ਤੂੰ ਉਡ ਗਿਓਂ ਜਹਾਜ਼ ਚੜ੍ਹ ਕੇ ;
ਤੇਰੇ ਬਾਝੋਂ ਇਹ ਸਾਉਂਣ ਦਾ ਮਹੀਨਾ,
ਸੱਚੀਂ ਸਾਉਣ ਦਾ 'ਨੀਂ ਲੱਗਦਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
9914836037

# ਅਧੂਰੀ ਕਵਿਤਾ

ਉਕਰੀ ਕਾਗਜ਼ ਤੇ
ਨਾ ਪਸੰਦ ਜਿਹੀ
ਮੇਟ ਦਿੱਤੀ
ਕਿੰਨੀਆਂ ਝਰੀਟਾਂ ਮਾਰ
ਲਹੂ ਲੁਹਾਣ ਕਰ ਦਿੱਤੀ
ਪਰ ਚੀਕ ਵੀ ਨਾ ਨਿਕਲੀ
ਬੇਜਾਨ ਜੋ ਹੋ ਗਈ ।

ਹੁਣ ਫਿਰ ਕੁਝ ਸਿਰਜਿਆ
ਪਰ ਮੇਚ ਨਾ ਆਇਆ
ਅੰਤਰੀਵ ਭਾਵਾਂ ਦੇ
ਬਿਨਾਸ ਕਰ ਦਿੱਤਾ
ਟੋਟੇ ਟੋਟੇ ਕਰ
ਆਪਣੀ ਹੀ ਸਿਰਜਣਾ ਦਾ ।
ਇੱਕ ਵਾਰ ਫੇਰ ਸ਼ਬਦਾਂ ਦੀ
ਡੂੰਘੀ ਤਹਿ ਤੇ ਉੱਤਰ
ਸਜਾਈ ਮਾਲਾ
ਆਪਣੀ ਕਿਸੇ ਤਲਖ਼ੀ ਕਾਰਨ
ਤੋੜ ਦਿੱਤੀ
ਆਪਣੇ ਹੀ ਹੱਥੀ ਚੁਣੇ
ਸ਼ਬਦਾਂ ਦੀ ਗਾਨੀ ।



ਮੈਂ ਤਾਂ ਇੱਕ ਹਾਕ ਨਾਲ
ਰੂਪ ਅਖਤਿਆਰ ਕਰ ਲੈਂਦੀ ਹਾਂ
ਕੁਝ ਅਧੂਰਾਪਨ ਹੈ
ਅੱਜ ਤੇਰੀ ਹਾਕ ਵਿੱਚ
ਜਿਸਨੇ ਮੈਨੂੰ
ਸੰਪੂਰਨ ਨਹੀਂ ਹੋਣ ਦਿੱਤਾ
ਮੈਨੂੰ ਕਵਿਤਾ ਨਹੀਂ ਹੋਣ ਦਿੱਤਾ।

**ਨੀਤੂ ਕਵਿੱਤਰੀ**



# ਨਸ਼ਿਆਂ ਦੇ ਖਾਤਮੇ ਲਈ ਸਾਨੂੰ ਸਾਰਿਆਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਵਿੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਵਿੱਚ ਸਾਨੂੰ ਸਾਰਿਆਂ ਨੂੰ ਆਪਣਾ ਯੋਗਦਾਨ ਪਾ ਕੇ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣਾ ਚਾਹੀਦਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ, ਚੇਅਰਮੈਨ ਸਟੇਟ ਐਂਟੀ ਕਰਪਸ਼ਨ ਫਾਊਂਡੇਸ਼ਨ ਆਫ਼ ਵਰਲਡ ਰਤਨ ਲਾਲ ਸੋਨੀ ਅਤੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਤੋਂ ਹਲਕਾ ਟਾਂਡਾ ਦੇ ਆਈਡੋਨਰ ਇਨਚਾਰਜ ਤੇ ਸਟੇਟ ਐਵਾਰਡ ਜਥੇਦਾਰ ਵਰਿੰਦਰ ਸਿੰਘ ਮਸੀਤੀ ਨੇ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਕੀਤਾ। ਇਸ ਸਮੇਂ ਡੀਸੀ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਵਿਧੀ ਗਈ ਇਸ ਮੁਹਿੰਮ ਤਹਿਤ ਸਮੁੱਚੇ ਜਿਲ੍ਹੇ ਦੇ ਵੱਖ ਵੱਖ




ਹਲਕਿਆਂ ਵਿੱਚ ਇਸ ਯੁਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਿੰਡਾਂ ਵਿੱਚ ਵੀ ਲਜਾਇਆ ਗਿਆ ਜਿੱਥੇ ਪਿੰਡਾਂ ਦੇ ਲੋਕਾਂ ਨੇ ਭਰਮਾ ਹੁੰਗਾਰਾ ਦਿੰਦੇ ਹੋਏ ਮਤੇ ਪਾਸ ਕੀਤੇ ਅਤੇ ਨਸ਼ਿਆਂ ਦੇ ਖਾਤਮੇ ਲਈ ਪ੍ਰਣ ਵੀ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਰਤਨ ਲਾਲ ਸੋਨੀ ਨੇ ਕਿਹਾ ਕਿ ਜੇਕਰ ਨਸ਼ਿਆਂ ਦਾ ਖਾਤਮਕ ਕਰਨਾ ਹੈ ਤਾਂ ਇਸ ਵਾਸਤੇ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਹਮਲਾ ਮਾਰਨਾ ਪਵੇਗਾ ਅਤੇ ਸਰਕਾਰ ਵੱਲੋਂ ਵਿੱਢੀ ਗਈ ਇਸ ਮੁਹਿੰਮ ਦਾ ਸਾਥ ਦੇ ਕੇ ਜਿੱਥੇ ਨਸ਼ਿਆਂ ਦਾ ਫਤਵਾ ਕੀਤਾ ਜਾਏਗਾ ਉੱਥੇ ਹੀ ਵੱਡੇ ਛੋਟੇ ਨਸ਼ਾ ਤਸਕਰਾਂ ਤੇ ਵੀ ਸੂਬਾ ਸਰਕਾਰ ਵੱਲੋਂ ਨਕੇਲ ਪਾਈ ਜਾਵੇਗੀ ਅਤੇ ਬੀਤੇ ਸਮੇਂ ਵਿੱਚ ਵੀ ਸਰਕਾਰ ਨੇ ਵੱਡੀ ਪੱਧਰ ਤੇ ਨਸ਼ਾ ਤਸਕਰਾ ਖਿਲਾਫ ਬਣਦੀਆਂ ਕਾਰਵਾਈਆਂ ਕਰਕੇ ਆਪਣੀ ਜਿੰਮੇਵਾਰੀ ਦਾ ਸਬੂਤ ਦਿੱਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਸਟੇਟ ਅਵਾਰਡ ਪ੍ਰਾਪਤ ਜਥੇਦਾਰ ਵਰਿੰਦਰ ਸਿੰਘ ਮਸੀਤੀ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਹੀ ਇਹ ਮੁਢਲਾ ਫਰਜ਼ ਹੈ ਕਿ ਆਪਣੀ ਨੌਜਵਾਨ ਪੀੜੀ ਨੂੰ ਬਚਾਉਣ ਵਾਸਤੇ ਨਸ਼ਿਆਂ ਦੇ ਖਾਤਮੇ ਲਈ ਜਿੱਥੇ ਖੁਦ ਜਾਗਰੂਕ ਹੋਈਏ ਉੱਥੇ ਹੀ ਸਰਕਾਰ ਵੱਲੋਂ ਚਲਾਏ ਗਈ ਇਸ ਮੁਹਿੰਮ ਦਾ ਹਿੱਸਾ ਬਣ ਕੇ ਆਪਣਾ ਯੋਗਦਾਨ ਪਾਈਏ। ਇਸ ਮੌਕੇ ਉਕਤ ਸ਼ਖਸ਼ੀਅਤਾਂ ਨੇ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਗਏ ਉਪਰਾਲਿਆਂ ਅਤੇ ਯਤਨਾਂ ਦੀ ਸ਼ਲਾਘਾ ਵੀ ਕੀਤੀ।

# ਮੋਹਲੇ ਧਾਰ ਬਰਸਾਤ ਕਾਰਨ ਨੀਵੇਂ ਇਲਾਕਿਆਂ ਵਿਚ ਝੋਨੇ ਦੀ ਫ਼ਸਲ ਡੁੱਬੀ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)- ਪਿਛਲੇ ਤਿੰਨ ਦਿਨਾਂ ਤੋਂ ਹੋ ਰਹੀ ਮੋਹਲੇ ਧਾਰ ਬਰਸਾਤ ਨੇ ਕਿਸਾਨਾਂ ਦੇ ਨੱਕ ਵਿਚ ਦਮ ਕਰ ਰੱਖਿਆ ਹੈ। ਇਸ ਨਾਲ ਜਿੱਥੇ ਸਰਕਾਰ ਦੇ ਪ੍ਰਬੰਧਾ ਦੀ ਪੋਲ ਖੁੱਲ੍ਹੀ ਹੈ ਉਥੇ ਬਲਾਕ ਮਹਿਤਪੁਰ ਦੀ ਟੀਮ ਨੇ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਤੰਦਾਉਰਾ ਦੀ ਅਗਵਾਈ ਵਿਚ ਨੁਕਸਾਨ ਦਾ ਜਾਇਜ਼ਾ ਲਿਆ ਟੀਮ ਵੱਲੋਂ ਇਸ ਮੌਕੇ ਨਾਇਬ ਤਹਿਸੀਲਦਾਰ ਮਹਿਤਪੁਰ ਨੂੰ ਫ਼ੋਨ ਕਰਕੇ ਮੌਕੇ ਤੇ ਬੁਲਾਇਆ

- **ਜਥੇਬੰਦੀਆਂ ਨੇ ਦੱਸਿਆ ਡਰੇਨ ਵਿਭਾਗ ਤੇ ਪ੍ਰਸ਼ਾਸਨ ਦੀ ਨਲਾਇਕੀ**
- **ਤਹਿਸੀਲ ਦਾਰ ਨੂੰ ਮੰਗ ਪੱਤਰ ਸੌਂਪਿਆ**





**ਪਾਣੀ ਵਿਚ ਡੁਬਿਆ ਝੋਨਾ , ਤਹਿਸੀਲਦਾਰ ਨੂੰ ਜਾਣੂੰ ਕਰਵਾਉਂਦੇ ਕਿਸਾਨ ਆਗੂ**

ਅਧੀਨ ਆਉਂਦੇ ਪਿੰਡਾਂ ਵਿਚ ਨੀਵੇਂ ਇਲਾਕਿਆਂ ਵਿਚ ਪਾਣੀ ਭਰ ਗਿਆ ਹੈ ਤੇ ਝੋਨੇ ਦੀ ਫ਼ਸਲ ਡੁੱਬ ਗਈ ਹੈ। ਬਲਾਕ ਮਹਿਤਪੁਰ ਦੇ ਪਿੰਡ ਝੁਗੀਆਂ, ਰਾਮੂਵਾਲ, ਉਧੋਵਾਲ ,ਬਾਲੋਕੀ, ਅਕਬਰਪੁਰ, ਆਦਰਾਮਾਨ,ਵਿਚ ਜਿਥੇ ਝੋਨੇ ਦੀ ਫ਼ਸਲ ਦਾ ਨੁਕ-ਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਉਥੇ ਬਰਸਾਤ ਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਗਿਆ ਹੈ। ਇਸ ਮੌਕੇ ਭਾਰੀ ਬਰਸਾਤ ਵਿਚ ਬੀਕੇਯੂ ਦੁਆਬਾ ਜ਼ਿਕਰਯੋਗ ਹੈ ਕਿ ਇਨ੍ਹਾਂ ਪਿੰਡਾਂ ਵਿਚ 1500 ਸੋ ਤੋ 2000 ਏਕੜ ਕਰੀਬ ਝੋਨੇ ਦੀ ਫ਼ਸਲ ਡੁੱਬ ਗਈ ਹੈ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਮਜੀਤ ਸਿੰਘ ਤੇ ਸੋਢੀ ਸਿੰਘ ਪਿੰਡ ਝੁਗੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ ਹੈ।ਇਸ ਮੌਕੇ ਗੱਲਬਾਤ ਕਰਦਿਆਂ ਕਸ਼ਮੀਰ ਸਿੰਘ ਪੰਨੂ ਨੇ ਨੀਵੇਂ ਇਲਾਕਿਆਂ ਵਿਚ ਪਾਣੀ ਭਰਨ ਦਾ ਕਾਰਨ ਸੜਕ ਦਾ ਉਂਚਾ ਹੋਣ , ਪੁਲੀਆਂ ਬੰਦ ਹੋਣ , ਡਰੇਨ ਦੀ ਸਫਾਈ ਨਾ ਹੋਣ, ਤੇ ਡਰੇਨ ਨੂੰ ਰਸਤੇ ਵਿਚ ਹੀ ਵਾਹ ਕੇ ਬੰਦ ਕਰਨ ਕਾਰਨ ਹੈ। ਇਸ ਮੌਕੇ ਉਧੋਵਾਲ ਦੇ ਸਾਬਕਾ ਸਰਪੰਚ ਰਾਜੂ ਖਹਿਰਾ ਨੇ ਦੱਸਿਆ ਕਿ ਐਨ ਆਰ ਆਈ ਨੇ ਆਪ ਆਦਮੀ ਪਾਰਟੀ ਦੇ ਆਗੂਆਂ ਦੀ ਸਹਿ ਤੇ ਸਤਲੁਜ ਦਰਿਆ ਦੇ ਵਹਿਣ ਨੂੰ ਰੋਕਿਆ ਗਿਆ ਜਿਸ ਵਜ੍ਹਾ ਕਰਕੇ ਪਾਣੀ ਦੀ ਡਾਫ ਲੱਗੀ ਤੇ ਝੋਨੇ ਦੀ ਫ਼ਸਲ ਦਾ ਬਹੁਤ ਨੁਕ-ਸਾਨ ਹੋਇਆ ਹੈ । ਇਸ ਮੌਕੇ ਬੀਕੇਯੂ ਦੁਆਬਾ ਵੱਲੋਂ ਪ੍ਰਬੰਧਾਂ ਦੀ ਘਾਟ ਨੂੰ ਡਰੇਨ ਵਿਭਾਗ ਅਤੇ ਪ੍ਰਸ਼ਾਸਨ ਦੀ ਨਲਾਇਕੀ ਦੱਸਿਆ ਉਨ੍ਹਾਂ ਮੰਗ ਕੀਤੀ ਗਈ ਕਿ ਇਹ ਗੰਭੀਰ ਸਮੱਸਿਆ ਹੈ ਇਸ ਦੇ ਫੋਰੀ ਹੱਲ ਦਾ ਪ੍ਰਬੰਧ ਕੀਤਾ ਜਾਵੇ। ਤੇ ਹੋਏ ਨੁਕਸਾਨ ਦੀ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ । ਮੌਕੇ ਤੇ ਕਸ਼ਮੀਰ ਸਿੰਘ ਪੰਨੂ ਤੰਦਾਉਰਾ, ਨਰਿੰਦਰ ਸਿੰਘ ਉਧੋਵਾਲ, ਸਤਨਾਮ ਸਿੰਘ ਰਾਮੂਵਾਲ, ਜਗਦੀਸ਼ ਸਿੰਘ ਨੰਬਰਦਾਰ, ਬਿੰਦਰ ਸਿੰਘ ਝੁਗੀਆਂ, ਮਹਿੰਦਰਪਾਲ ਸਿੰਘ ਟੁਰਨਾ, ਸੰਤੋਖ ਸਿੰਘ ਝੁਗੀਆਂ, ਦਰਸ਼ਨ ਸਿੰਘ, ਸੁਰਜੀਤ ਸਿੰਘ, ਨਿਰਮਲ ਸਿੰਘ ਝੁਗੀਆਂ, ਬਲਵੀਰ ਸਿੰਘ ਉਧੋਵਾਲ, ਲਖਵੀਰ ਸਿੰਘ, ਮਨਜੀਤ ਸਿੰਘ ,ਮਨਪ੍ਰੀਤ ਸਿੰਘ ਖਹਿਰਾ, ਨਿਰਮਲ ਸਿੰਘ ਸੰਧੂ, ਸੁਖਵਿੰਦਰ ਸਿੰਘ ਸਮਰਾ, ਸਿਮਰਨਜੀਤ ਸਿੰਘ ਲਾਲੀ, ਨਛੱਤਰ ਸਿੰਘ, ਚਰਨਜੀਤ ਚੌਕੀਦਾਰ , ਜਸਵੀਰ, ਸੋਢੀ ਸਿੰਘ ,ਗੁਰਵਿੰਦਰ ਸਿੰਘ, ਹਰਮਨ ਸਿੰਘ, ਨਛੱਤਰ ਸਿੰਘ, ਖੁਸ਼ਪ੍ਰੀਤ ਸਿੰਘ, ਸਨਮਦੀਪ, ਸੁਖਵਿੰਦਰ ਸਿੰਘ, ਗੁਰਨਾਮ ਸਿੰਘ ,ਬਚਿੱਤਰ ਸਿੰਘ ,ਬਲਜੀਤ ਸਿੰਘ ਬਾਲੋਕੀ, ਕੁਲਵਿੰਦਰ ਸਿੰਘ ਕਿੰਦਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਸਰਪੰਚ ਸਿਮਰਨਜੀਤ ਸਿੰਘ ਸਿੱਧੂ ਠੇਠਰ ਖੁਰਦ ਪਿੰਡ ਵਾਸੀਆਂ ਸਮੇਤ ਜਥੇਬੰਦੀ ਵਿੱਚ ਸ਼ਾਮਲ, ਤਲਵੰਡੀ ਭਾਈ ਦੇ ਪ੍ਰਧਾਨ ਨਿਯੁਕਤ

ਫਿਰੋਜ਼ਪੁਰ (ਹਰਜਿੰਦਰ ਸਿੰਘ ਚੰਦੀ)-ਭਾਰਤੀ ਕਿਸਾਨ ਯੂਨੀਅਨ ਪੰਜਾਬ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਤਲਵੰਡੀ ਭਾਈ ਦੇ ਨੇੜਲੇ ਪਿੰਡ ਠੇਠਰ ਖੁਰਦ ਵਿਖੇ ਸ ਸੁਰਜੀਤ ਸਿੰਘ ਦੇ ਗ੍ਰਹਿ ਵਿਖੇ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਭਾਰਤੀ ਕਿਸਾਨੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ ਫੁਰਮਾਨ ਸਿੰਘ ਸੰਧੂ ਜੀ ਭੁਪਿੰਦਰ ਸਿੰਘ ਔਲਖ ਜਰਨਲ ਸਕੱਤਰ ਪੰਜਾਬ, ਜਸਬੀਰ ਸਿੰਘ ਗਿੱਲ ਕਰਮੂਵਾਲਾ ਕੋਰ ਕਮੇਟੀ ਮੈਂਬਰ ਪੰਜਾਬ, ਗੈਰੀ ਸਿੰਘ ਬੰਡਾਲਾ ਸੂਬਾ ਮੀਡੀਆ ਇੰਚਾਰਜ਼, ਹਰਦੀਪ ਸਿੰਘ ਗਿੱਲ ਕਰਮੂਵਾਲਾ ਜਿਲਾ ਪ੍ਰਧਾਨ ਫਿਰੋਜ਼ਪੁਰ, ਰਾਜਵੀਰ ਸਿੰਘ ਗਿੱਲ ਸੰਧਵਾਂ ਜਿਲਾ ਪ੍ਰਧਾਨ ਫਰੀਦਕੋਟ, ਗੁਰਨਾਮ ਸਿੰਘ ਬੰਡਾਲਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਜ਼ੀਰਾ, ਜਸਕਰਨ



ਸਿੰਘ ਵਰਪਾਲ ਆਈਟੀ ਸੈਲ, ਗੁਰਜੀਤ ਸਿੰਘ ਕਰਮੂਵਾਲਾ ਆਈਟੀ ਸੈਲ, ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਸਟੇਜ ਦੀ ਕਾਰਵਾਈ ਅੱਗੇ ਤੋਰਦਿਆਂ ਹਰਦੀਪ ਸਿੰਘ ਗਿੱਲ ਕਰਮੂਵਾਲਾ ਜਿਲਾ ਪ੍ਰਧਾਨ ਫਿਰੋਜ਼ਪੁਰ ਨੇ ਵੱਖ ਵੱਖ ਬੁਲਾਰਿਆਂ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਅਤੇ ਬੁਲਾਰਿਆਂ ਨੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਦਿਲ ਖੋਲ ਕੇ ਗੱਲਾਂ ਬਾਤਾਂ ਕੀਤੀਆਂ ਅੰਤ ਵਿੱਚ ਸੂਬਾ ਪ੍ਰਧਾਨ ਨੇ ਜਥੇਬੰਦੀ ਦੇ ਬੈਚ ਲਗਾ ਕੇ ਸਰਪੰਚ ਸਿਮਰਜੀਤ ਸਿੰਘ ਸਿੱਧੂ ਨੂੰ ਬਲਾਕ ਤਲਵੰਡੀ ਭਾਈ ਦਾ ਪ੍ਰਧਾਨ ਨਿਯੁਕਤ ਕੀਤਾ ਅਤੇ ਉਹਨਾਂ ਦੇ ਨਾਲ ਅਮਨਦੀਪ ਸਿੰਘ ਨੂੰ ਇਕਾਈ ਪ੍ਰਧਾਨ ਦਾ ਮਾਣ ਬਖਸ਼ਿਆ ਤੇ ਸਤਵਿੰਦਰ ਸਿੰਘ ਸੋਨਾ ਗਿੱਲ ਕਰਮੂਵਾਲਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਨਾਂ ਦੀ ਪ੍ਰੇਰਨਾ ਸਦਕਾ ਇਕਾਈ ਦਾ ਗਠਨ ਕੀਤਾ ਗਿਆ ਇਸ ਮੌਕੇ ਹਰਵਿੰਦਰ ਸਿੰਘ ਬਰਾੜ ਹਕੂਮਤ ਵਾਲਾ ਵੀ ਹਾਜ਼ਰ ਸਨ।

# ਬਾਲ ਭਿੱਖਿਆ ਰੋਕੂ ਜ਼ਿਲ੍ਹਾ ਟਾਸਕ ਫੌਰਸ ਵਲੋਂ ਅਚਨਚੇਤ ਚੈਕਿੰਗ

## 2 ਬੱਚੇ ਬਾਲ ਭਿੱਖਿਆ ਤੋਂ ਕਰਵਾਏ ਮੁਕਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਰਹਿਨੁਮਾਈ ਹੇਠ ਪ੍ਰੋਜੈਕਟ ਜੀਵਨਜੋਤ 2 ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਦੁਆਰਾ ਬਾਲ ਭਿੱਖਿਆ ਰੋਕੂ ਜ਼ਿਲ੍ਹਾ ਪੱਧਰੀ ਟਾਸਕ ਫੋਰਮ ਨਾਲ ਅੱਜ ਹੁਸ਼ਿਆਪਰੁਰ ਵਿਚ ਭੰਗੀ ਚੋਅ, ਹਨੂੰਮਾਨ ਮੰਦਿਰ, ਨਵੀ ਅਬਾਦੀ, ਬਹਾਦੁਰਪੁਰ ਚੌਕ, ਸ਼ਿਮਲਾ ਪਹਾੜੀ, ਕਸ਼ਮੀਰੀ ਬਾਜ਼ਾਰ, ਕੋਤਵਾਲੀ ਬਾਜ਼ਾਰ, ਰੇਲਵੇ ਰੋਡ ਵਿਖੇ ਬਾਲ ਭਿੱਖਿਆ ਰੋਕੂ ਰੇਡ ਕੀਤੀ ਗਈ। ਇਸ ਦੌਰਾਨ 2 ਬੱਚੇ ਬਾਲ ਭਿੱਖਿਆ ਤੋਂ ਮੁਕਤ ਕਰਵਾਏ ਗਏ ਅਤੇ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕੀਤੇ ਗਏ। ਬਾਲ ਭਲਾਈ ਕਮੇਟੀ ਵਲੋਂ ਬੱਚਿਆਂ ਦੀ ਕੌਸਲਿੰਗ ਕੀਤੀ ਗਈ ਅਤੇ ਬੱਚਿਆਂ ਦੀ ਭਲਾਈ ਲਈ ਫੈਸਲਾਂ ਲਿਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕੋਈ ਬੱਚਾ ਭੀਖ ਮੰਗਦਾ ਜਾਂ ਬਾਲ ਮਜ਼ਦੂਰੀ ਕਰਦਾ ਹੋਇਆ ਮਿਲਦਾ ਹੈ, ਤਾਂ ਉਸ ਦੀ ਸੂਚਨਾ ਬਾਲ ਹੈਲਪਲਾਈਨ 1098 ‘ਤੇ ਦਿੱਤੀ ਜਾਵੇ, ਤਾਂ ਜੋ ਤੁਹਾਡੀ ਇਕ ਪਹਿਲ ਕਿਸੇ ਬੱਚੇ ਦੀ ਜ਼ਿੰਦਗੀ ਬਦਲ ਸਕਦੀ ਹੈ। ਉਨ੍ਹਾਂ ਦੱਸਿਆ ਕਿ 0 ਤੋਂ 18 ਸਾਲ ਦੇ ਬੱਚਿਆਂ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮਾਂ ਬਾਰੇ ਜਾਣਕਾਰੀ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਹੁਸ਼ਿਆਰਪੁਰ ਵਿਖੇ ਜਾਂ ਬਾਲ ਹੈਲਪਲਾਈਨ 1098 ‘ਤੇ ਫੋਨ ਕਰਕੇ ਲਈ ਜਾ ਸਕਦੀ ਹੈ । ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀ ਰੇਡਸ ਪਹਿਲਾਂ ਵੀ ਹੋ



ਰਹੀਆਂ ਹਨ ਅਤੇ ਇਹ ਲਗਾਤਾਰ ਜਾਰੀ ਰਹਿਣਗੀਆਂ। ਜੇਕਰ ਕੋਈ ਮਾਤਾ-ਪਿਤਾ ਬੱਚੇ ਤੋਂ ਬਾਲ ਭਿੱਖਿਆ ਕਰਵਾਉਂਦਾ ਪਾਇਆ ਗਿਆ, ਤਾਂ ਮਾਤਾ-ਪਿਤਾ ‘ਤੇ ਵੀ ਕਾਰਵਾਈ ਕੀਤੀ ਜਾਵੇਗੀ । ਬੱਚਿਆਂ ਦੀ ਸੁਰੱਖਿਆ ਅਤੇ ਦੇਖ-ਭਾਲ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ । ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ ਦੱਸਿਆ ਕਿ ਵਿਭਾਗ ਵਲੋਂ ਜਾਰੀ ਹਦਾਇਤਾਂ ਅਨੁਸਾਰ ਬੱਚਿਆਂ ਤੋਂ ਭਿਖਿਆ ਮੰਗਵਾਉਣ ਵਾਲੇ ਮਾਤਾ-ਪਿਤਾ ਦਾ ਡੀ.ਐਨ.ਏ ਟੈਸਟ ਕੀਤਾ ਜਾਵੇਗਾ ਅਤੇ ਰਿਪੋਰਟ ਮੈਚ ਨਾ ਕਰਨ ‘ਤੇ ਉਨ੍ਹਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਚੇਅਰਪਰਸਨ ਬਾਲ ਭਲਾਈ ਕਮੇਟੀ ਹਰਜੀਤ ਕੌਰ ਨੇ ਦੱਸਿਆ ਕਿ ਬਾਲ ਭਿੱਖਿਆ ਕਰਵਾਉਣ ਦੇ ਮਾਮਲਿਆਂ ਵਿੱਚ ਹੁਣ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੱਖ-ਵੱਖ ਥਾਣਿਆਂ ਵਿੱਚ ਦੋ ਐਫ.ਆਈ.ਆਰ ਦਰਜ ਕਰਵਾਈਆਂ ਜਾ ਚੁੱਕੀਆਂ ਹਨ। ਇਸ ਰੇਡ ਦੌਰਾਨ, ਮੋਹਿਤ (ਸ਼ੋਸ਼ਲ ਵਰਕਰ) ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਕਿਰਨ, ਥਾਣਾ ਸਿਟੀ ਤੋਂ ਐਸ.ਐਚ.ਓ ਕਿਰਨ ਸਿੰਘ ਅਤੇ ਜਸਵਿੰਦਰ ਸਿੰਘ, ਡਾ. ਸ਼ਾਲਿਨੀ (ਸਿਹਤ ਵਿਭਾਗ) ਅਤੇ ਅਮਿਤ ਕੁਮਾਰ (ਸਿੱਖਿਆ ਵਿਭਾਗ) ਤੋਂ ਮੌਜੂਦ ਸਨ।

# ਇਹ ਰਸਤਾ ਤੁਸੀਂ ਚੁਣਨਾ ਹੈ

ਮੈਂ ਇਹ ਗੱਲ ਕਈ ਵਾਰ ਸੋਚਦਾ ਹਾਂ ਕਿ ਜੇਕਰ ਬਾਬਾ ਸਾਹਿਬ ਡਾ ਅੰਬੇਡਕਰ ਜੀ ਮਹਾਂਨ ਇਨਸਾਨ ਇਸ ਧਰਤੀ ਤੇ ਨਾ ਹੁੰਦੇ ਕਿ ਸਾਨੂੰ ਵੀ ਕੋਈ ਇਨਸਾਨ ਸਮਝਦਾ, ਸਾਨੂੰ ਵੀ ਕੋਈ ਬੰਦਿਆਂ ਦੀ ਗਿਣਤੀ ਵਿੱਚ ਦੇਖਦਾ, ਸਾਨੂੰ ਵੀ ਕੋਈ ਆਦਮੀ ਸਮਝਦਾਂ ਬਹੁਤ ਮੁਸ਼ਕਲ ਲੱਗ ਰਹੀ ਹੈ ਇਹ ਗੱਲ ਫਿਰ ਤਾਂ ਅਸੀਂ ਢੇਰਾ ਟੋਭਿਆਂ ਨਾਲੀਆਂ ਨਾਲਿਆਂ ਵਿੱਚ ਹੀ ਰੁਲਦੇ ਹੁੰਦੇ ਇਹ ਤਾਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਮਿਹਰਬਾਨੀ ਹੋਈ ਹੈ ਕਿ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਜਾਤੀ ਵਿਤਕਰਾ ਅਤੇ ਅਪਮਾਨ ਬਹੁਤ ਜ਼ਿਆਦਾ ਸਿਹਾਂ ਔਰ ਆਪਣੇ ਤੰਨ ਤੇ ਅਡਾਇਆ ਉਨ੍ਹਾਂ ਨੇ ਜ਼ਿੰਦਗੀ ਵਿੱਚ ਕਦੇ ਸੁਖ ਦਾ ਸਾਹ ਨਹੀਂ ਲਿਆ ਜਿਹੜੇ ਜਿਹੜੇ ਦੁੱਖ ਉਨ੍ਹਾਂ ਨੇ ਆਪਣੇ ਤੰਨ ਦੇ ਅਡਾਏ ਉਨ੍ਹਾਂ ਸਾਰੇ ਦੁੱਖਾਂ ਤਕਲੀਫਾਂ ਤੋਂ ਛੁਟਕਾਰਾ ਦਿਵਾਉਣ ਲਈ ਸੰਘਰਸ਼ ਕੀਤਾ ਉਹ ਸਭ ਤੋਂ ਵੱਧ ਪੜ੍ਹੇ ਲਿਖੇ ਮਹਾਂਨ ਇਨਸਾਨ ਸਨ ਮਹਾਂਨ ਮਸੀਹਾ ਸਨ ਮਹਾਂਨ ਰਹਿਬਰ ਸਨ ਉਨ੍ਹਾਂ ਨੂੰ ਜਿਨ੍ਹੀ ਮਰਜ਼ੀ ਇੱਜ਼ਤ ਦਿੱਤੀ ਜਾਵੇ ਉਹ ਬਹੁਤ ਥੋੜ੍ਹੀ ਹੈ ਉਹ ਬਾਹਰਲੇ ਮੁਲਕਾਂ ਵਿੱਚ ਪੜ੍ਹਾਈ ਕਰਨ ਲਈ ਆਪਣੇ ਸਮਾਜ ਨੂੰ ਇਨਸਾਨਾਂ ਦੀ ਜ਼ਿੰਦਗੀ ਬਣਾਉਣ ਲਈ ਵਾਪਸ ਭਾਰਤ ਦੀ ਧਰਤੀ ਤੇ ਆਏ ਸਨ ਉਨ੍ਹਾਂ ਨੂੰ ਬਹੁਤ ਜ਼ਿਆਦਾ ਔਫਰ ਮਿਲ ਰਹੇ ਸਨ ਕਿ ਉਹ ਉਥੇ ਹੀ ਨੌਕਰੀ ਕਰ ਲੈਣ ਪਰ ਉਸ ਮਹਾਂਮਾਨਵ ਨੂੰ ਆਪਣੇ ਲੋਕਾਂ ਦੀ



ਬਹੁਤ ਜ਼ਿਆਦਾ ਫ਼ਿਕਰ ਸੀ। ਉਸ ਮਹਾਂਪੁਰਖ ਨੇ ਭਾਰਤ ਵਿੱਚੋਂ ਪਹਿਲਾ ਆਕੇ ਮੰਨੂ ਸਿਮਰਤੀ ਜਲਾਈ ਤੇ ਆਪਣਾਂ ਸੰਵਿਧਾਨ ਲਿਖ ਕੇ ਸਾਰੇ ਇਨਸਾਨਾਂ ਨੂੰ ਬਰਾਬਰ ਖੜੇ ਕੀਤਾ ਅਤੇ ਇਸਤਰੀਆਂ ਨੂੰ ਵੀ ਬਰਾਬਰ ਦਾ ਰੁਤਬਾ ਦਿੱਤਾ ਪਰ ਅੱਜ ਕਈ ਔਰਤਾਂ ਉਸ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਦਿੱਤੇ ਮਹਾਂਨ ਅਧਿਕਾਰਾਂ ਨੂੰ ਭੁੱਲ ਬੈਠੀ ਹੈ ਉਹ ਉਸੇ ਗਿਸੇ ਪਿੱਟੇ ਸਿਸਟਮ ਵਿੱਚ ਫਸ ਰਹੀਆਂ ਹਨ ਜਿਨ੍ਹਾਂ ਤੋਂ ਸਾਡੇ ਗੁਰੂਆਂ ਨੇ ਅੱਜ ਬਾਬਾ ਸਾਹਿਬ ਨੇ ਕੱਢਣ ਲਈ



ਸਿਰਤੋੜ ਯਤਨ ਕੀਤੇ ਉਨ੍ਹਾਂ ਸਿਰਫ ਪੜ੍ਹਾਈ ਤੇ ਜ਼ੋਰ ਦਿੱਤਾ ਤਾਂ ਕਿ ਸਾਡਾ ਸਮਾਜ ਵੀ ਅਧਿਆਪਕ, ਡਾਕਟਰ, ਐਸ ਐਸ ਪੀ,ਐਸ ਪੀ,ਆਈ ਏ ਐਸ, ਵਕੀਲ,ਜੱਜ,ਬਰਿਸਟਰ ਅਤੇ ਐਮ ਐਲ ਏ, ਮੰਤਰੀ, ਮੁੱਖ ਮੰਤਰੀ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਬਣ ਸਕੇ । ਇਸ ਦੇ ਦੋ ਰਸਤੇ ਹਨ ਇੱਕ ਮੰਦਰ ਵੱਲ ਜਾਂਦਾ ਹੈ ਇੱਕ ਸਕੂਲ ਵੱਲ ਜਾਂਦਾ ਹੈ ਇਸ ਦਾ ਫੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਕਿਸ ਪਾਸੇ ਜਾਣਾਂ ਹੈ।

**ਚਰਨਜੀਤ ਸੱਲ੍ਹਾਂ**
**8146091035**

# ਬਸਪਾ ਦੇ ਆਗੂ ਅਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਆਗੂ ਇਹ ਮਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਸੰਗਤਾਂ ਤੋਂ ਪਿੰਡਾਂ ਅਤੇ ਸ਼ਹਿਰਾਂ ਚੋਂ ਪਾਸ ਕਰਵਾ ਕੇ ਪਾਰਟੀ ਨੂੰ ਭੇਜਣ-ਕਰੀਮਪੁਰੀ

**ਜਲੰਧਰ (ਚਰਨਜੀਤ ਸੱਲ੍ਹਾਂ )** ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ--ਵੱਲੋਂ ਪਾਸ ਕੀਤਾ ਗਿਆ ਮਤਾ ਇਹ ਮਤਾ ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਜਾਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਵਿਖੇ ਪੰਜਾਬ ਦੀ ਮੌਜੂਦਾ 'ਆਮ ਆਦਮੀ ਪਾਰਟੀ' ਦੀ ਸਰਕਾਰ ਵੱਲੋਂ ਖੋਲ੍ਹੇ ਗਏ ਤਿੰਨ ਸ਼ਰਾਬ ਦੇ ਠੇਕਿਆਂ ਅਤੇ ਗੁਰੂ ਘਰਾਂ ਦੇ ਆਸ-ਪਾਸ ਚਲਾਈਆਂ ਜਾ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਬ੍ਰਾਂਚਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਜਾਵੇ।

ਸਭਾ ਇਹ ਜ਼ੋਰਦਾਰ ਮੰਗ ਕਰਦੀ ਹੈ ਕਿ ਉਕਤ ਸਾਰੇ ਸ਼ਰਾਬ ਦੇ ਠੇਕੇ ਅਤੇ ਨਾਜਾਇਜ਼ ਬ੍ਰਾਂਚਾਂ ਤੁਰੰਤ ਬੰਦ ਕੀਤੀਆਂ ਜਾਣ।

ਅਸੀਂ ਸਰਕਾਰ ਦੀ ਇਸ ਨੀਤੀ ਦੀ ਸਖ਼ਤ ਨਿੰਦਾ ਕਰਦੇ ਹਾਂ, ਜਿਸ ਤਹਿਤ ਸਾਡੇ ਸ਼ਰਧਾ ਅਤੇ ਪਵਿੱਤਰ ਸਥਾਨ ਨੂੰ ਸ਼ਰਾਬ ਦੇ ਸਥਾਨ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ, ਬਹੁਜਨ ਸਮਾਜ ਪਾਰਟੀ ਵੱਲੋਂ ਖੁਰਾਲਗੜ੍ਹ ਸਾਹਿਬ ਦੀ ਧਰਤੀ ਨੂੰ ਪਵਿੱਤਰ ਧਰਤੀ ਐਲਾਨਣ ਅਤੇ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਚਲਾਈ ਗਈ ਮੁਹਿੰਮ ਦਾ ਪੂਰਨ ਸਮਰਥਨ ਕਰਦੀ ਹੈ। ਅਸੀਂ ਇਸ



ਪਵਿੱਤਰ ਸਥਾਨ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨ ਦਾ ਪ੍ਰਣ ਕਰਦੇ ਹਾਂ ਇਹ ਸ਼ਬਦ ਸ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਕਹੇ ਹਨ ਹਰੇਕ ਪਿੰਡ ਪਿੰਡ ਸ਼ਹਿਰਾਂ ਮੁਹੱਲਿਆਂ ਕਸਬਿਆਂ ਵਿੱਚੋਂ ਮੱਤੇ ਪੁਆਏ ਜਾਣ ਕਿ ਗੁਰੂ ਰਵਿਦਾਸ ਮਹਾਰਾਜ ਜੀ ਮਹਾਰਾਜ ਜੀ ਗੰਗਾ ਜਲ ਦੀ ਬਣੀ ਹੋਈ ਸ਼ਰਾਬ ਨੂੰ ਵੀ ਲੱਤ ਮਾਰਦੇ ਹਨ ਇਸ ਲਈ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਨੂੰ ਪਵਿੱਤਰ ਬਨਾਉਣ ਲਈ ਸਭ ਸੰਗਤਾਂ ਮੱਤੇ ਪਾਉਣ ਅਤੇ ਸਰਕਾਰ ਪ੍ਰਤੀ ਰੋਸ ਜਾਰੀ ਕਰਨ।

# ਮਨਰੇਗਾ ਮਜਦੂਰਾਂ ਵੱਲੋਂ ਲੱਗੇਗਾ ਡੀ.ਸੀ ਦਫਤਰ ਸਾਹਮਣੇ ਭਾਰੀ ਧਰਨਾ :- ਕਾਮਰੇਡ ਵੀਰ ਸਿੰਘ ਕੰਮੇਆਣਾ





**ਫ਼ਰੀਦਕੋਟ (ਸਮਾਜ ਵੀਕਲੀ)** ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ (ਰਜਿ) ਫ਼ਰੀਦਕੋਟ ਵੱਲੋ ਵੱਲੋ ਪਿੰਡ ਪਿੰਡ ਜਾ ਕੇ ਹੋਕਾ ਦਿੱਤਾ ਜਾ ਰਿਹਾ ਕਿ 25 ਜੁਲਾਈ ਨੂੰ ਡੀ.ਸੀ ਦਫਤਰ ਸਾਹਮਣੇ ਭਾਰੀ ਇਕੱਠ ਮਨਰੇਗਾ ਦੇ ਜੋ ਕੰਮ ਬੰਦ ਕੀਤੇ ਜਾ ਰਹੇ ਹਨ ਇਸ ਲਈ ਰੋਸ ਪ੍ਰਦਰਸ਼ਨ ਕਰਨ ਸਬੰਧੀ ਪਿੰਡਾਂ ਦੀਆਂ ਪੰਚਾਇਤ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ, ਇਸ ਪ੍ਰਤੀ ਪੰਚਾਇਤਾਂ ਵੱਲੋ ਹਾਂ ਪੱਖੀ ਹੁੰਗਾਰਾ ਮਿਲ ਰਿਹਾ , ਓਨਾਂ ਵੱਲੋ ਟਰੈਕਟਰ, ਟਰਾਲੀਆਂ ਭਰਕੇ ਆਉਣ ਦਾ ਹੁੰਗਾਰਾ ਮਿਲ ਰਿਹਾ। ਇਸ ਧਰਨੇ ਵਿਚ ਨਰੇਗਾ ਮਜ਼ਦੂਰਾਂ ਤੋ ਇਲਾਵਾ ਮੁਲਾਜ਼ਮ, ਕਿਸਾਨ ਤੇ ਵਿਦਿਆਰਥੀਆਂ ਜਥੇਬੰਦੀਆਂ ਵੱਲੋ ਸਮੂਲੀਅਤ ਕੀਤੀ ਜਾਵੇਗੀ। ਇਸ ਇਕ ਰੋਜਾ ਧਰਨੇ ਵਿਚ ਯੂਨੀਅਨ ਵੱਲੋ ਡੀ.ਸੀ ਸਾਹਿਬ ਜੀ ਨੂੰ ਮੰਗ ਪੱਤਰ ਦਿੱਤਾ ਜਾਵੇ। ਹੋਰਨਾ ਤੋਂ ਇਲਾਵਾ ਸਰਪੰਚ ਮਲਕੀਤ ਸਿੰਘ ਪਿੰਡ ਪੱਕਾ , ਮੇਟ ਦਰਸ਼ਨ ਸਿੰਘ ਨੰਬਰ ਇੱਕ , ਮੇਟ ਗੁਰਸੇਵਕ ਸਿੰਘ ਪੱਕਾ ਨੰਬਰ ਦੋ, ਹਰਜਿੰਦਰ ਸਿੰਘ ਮੇਟ ਪੱਕਾ ਨੰਬਰ ਤਿੰਨ , ਕੁਲਵਿੰਦਰ ਸਿੰਘ , ਭੋਲਾ ਸਿੰਘ , ਸੁਖਦੇਵ ਸਿੰਘ, ਹਰਜਿੰਦਰ ਸਿੰਘ ਪੰਚਾਇਤ ਮੈਂਬਰ, ਸਰਬਜੀਤ ਕੌਰ , ਮੈਂਬਰ ਜਸ਼ਨਪ੍ਰੀਤ ਕੌਰ , ਭਗਵਾਨ ਕੌਰ , ਮਨਪ੍ਰੀਤ ਕੌਰ , ਗੁਰਜਿੰਦਰ ਸਿੰਘ ਮੈਂਬਰ ਪੰਚਾਇਤ , ਜਗਸੀਰ ਸਿੰਘ ਭੇਠਾ , ਪਿੰਡ ਝਾੜੀ ਵਾਲਾ ਸਰਪੰਚ ਗੁਰਵਿੰਦਰ ਸਿੰਘ , ਮੇਟ ਗੁਰਮੀਤ ਕੌਰ, ਬਲਦੇਵ ਸਿੰਘ ਪੰਚਾਇਤ ਮੈਂਬਰ , ਹਰਗੋਬਿੰਦ ਸਿੰਘ ,ਚਰਨਜੀਤ ਕੌਰ , ਕੁਲਦੀਪ ਕੌਰ, ਮਾਲਦੀ ਕੌਰ ਬਲਕਾਰ ਸਿੰਘ ਸਹੋਤਾ, ਚਰਨਜੀਤ ਸਿੰਘ ਚਮੇਲੀ ,ਸ਼ਿਵਨਾਥ ਦਰਦੀ, ਗੁਰਦੀਪ ਸਿੰਘ ,ਆਦੀ ਹਾਜਰ ਹੋਏ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਪਰਮਿੰਦਰ ਸਿੰਘ ਵਾਰੀਆ ਨੇ ਟੁੱਟੀ ਕੂਹਣੀ ਦੇ ਜੋੜ ਦਾ ਸਫਲ ਅਪਰੇਸ਼ਨ ਕੀਤਾ

**ਬੰਗਾ (ਚਰਨਜੀਤ ਸੱਲ੍ਹਾ)** ਇਲਾਕੇ ਦੇ ਪ੍ਰਸਿੱਧ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਗੋਡੇ, ਮੋਢੇ ਅਤੇ ਚੂਲੇ ਦੇ ਜੋੜਾਂ ਦੀ ਬਦਲੀ ਦੇ ਮਾਹਿਰ ਸਰਜਨ ਡਾ. ਪਰਮਿੰਦਰ ਸਿੰਘ ਵਾਰੀਆ ਐਮ.ਐਸ. (ਆਰਥੋ) ਨੇ ਬਾਂਹ ਦੀ ਟੁੱਟੀ ਕੂਹਣੀ ਦੇ ਜੋੜਾਂ ਦਾ ਸਫਲਤਾ ਪੂਰਵਕ ਅਪਰੇਸ਼ਨ ਕੀਤਾ ਹੈ । ਇਸ ਵਿਸ਼ੇਸ਼ ਅਪਰੇਸ਼ਨ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦੇ ਡਾ. ਪਰਮਿੰਦਰ ਸਿੰਘ ਵਾਰੀਆ ਐਮ.ਐਸ. ਨੇ ਦੱਸਿਆ ਕਿ ਬਾਬਾ ਬਿਕਰਮਜੀਤ ਸਿੰਘ ਡੇਰਾ ਬਿਸ਼ਨਪੁਰੀ ਨੰਗਲ ਖੁਰਦ ਵਾਲੇ ਆਪਣੀ ਬਾਂਹ ਦੀ ਤਕਲੀਫ ਲਈ ਇਲਾਜ ਕਰਵਾਉਣ ਆਏ ਅਤੇ ਜਦੋ ਜਾਂਚ ਕੀਤੀ ਤਾਂ ਉਹਨਾਂ ਦੀ ਕੂਹਣੀ ਦਾ ਜੋੜ ਟੁੱਟਾ ਹੋਇਆ ਸੀ ਅਤੇ ਜਿਸ ਕਰਕੇ ਉਹਨਾਂ ਦੀ ਬਾਂਹ ਠੀਕ ਤਰ੍ਹਾਂ ਕੰਮ ਨਹੀ ਕਰ ਰਹੀ ਸੀ । ਡਾ. ਸਾਹਿਬ ਨੇ ਦੱਸਿਆ ਕਿ ਕੂਹਣੀ ਦਾ ਜੋੜ ਤਿੰਨ ਹੱਡੀਆਂ ਨੂੰ ਮਿਲਾ ਕੇ ਬਣਦਾ ਹੈ ਅਤੇ ਇਸ ਦਾ ਅਪਰੇਸ਼ਨ ਵੀ ਬਹੁਤ ਗੁੰਝਲਦਾਰ ਹੁੰਦਾ ਹੈ । ਬਾਬਾ ਜੀ ਦੀ ਕੂਹਣੀ ਦੇ ਜੋੜ ਦਾ ਅਪਰੇਸ਼ਨ (ਰੇਡੀਅਲ ਹੈੱਡ ਫਿਕਸੇਸ਼ਨ) ਕਰਨ ਉਪਰੰਤ ਹੁਣ ਬਾਬਾ ਜੀ ਤੰਦਰੁਸਤ ਹਨ । ਉਹਨਾਂ ਦੀ ਬਾਂਹ ਅਤੇ ਕੂਹਣੀ ਦਾ ਜੋੜ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ । ਇਸ ਮੌਕੇ ਡਾ. ਪਰਮਿੰਦਰ ਸਿੰਘ ਵਾਰੀਆ ਐਮ.ਐਸ. ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਵੀਂ ਤਕਨੀਕ ਵਾਲੇ ਅਪਰੇਸ਼ਨ ਕਰਨ ਕਰਕੇ ਦੁਰਘਟਨਾਵਾਂ ਵਿਚ ਟੁੱਟੀਆਂ ਹੱਡੀਆਂ ਅਤੇ ਜੋੜਾਂ ਦਾ ਮਿਆਰੀ ਇਲਾਜ ਕੀਤਾ ਜਾਂਦਾ ਹੈ ਤੇ ਅਪਰੇਸ਼ਨ ਬਾਅਦ ਮਰੀਜ਼ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਰੋਜ਼ਾਨਾ ਦੇ ਕੰਮਕਾਰ ਅਤੇ ਘਰ ਦੇ ਕੰਮ ਕਰ ਸਕਦੇ ਹਨ । ਹਸਪਤਾਲ ਵਿਖੇ ਫਿਜ਼ਿਉਥੈਰਾਪੀ ਵਿਭਾਗ ਹੋਣ ਕਰਕੇ ਵਿਸ਼ੇਸ਼ ਕਸਰਤਾਂ ਨਾਲ ਮਰੀਜ਼ ਨੂੰ ਦੋਹਰਾ ਲਾਭ ਮਿਲਦਾ ਹੈ ਅਤੇ ਜਲਦੀ ਤੰਦਰੁਸਤ ਹੁੰਦਾ ਹੈ । ਇਸ ਮੌਕੇ ਬਾਬਾ ਜੀ ਨੇ ਡਾ. ਪਰਮਿੰਦਰ ਸਿੰਘ ਵਾਰੀਆ ਐਮ.ਐਸ. (ਆਰਥੋ) ਅਤੇ ਸਮੂਹ ਹਸਪਤਾਲ ਪ੍ਰਬੰਧਕਾਂ ਅਤੇ ਸਟਾਫ ਦਾ ਉਹਨਾਂ ਦਾ ਸ਼ਾਨਦਾਰ ਅਪਰੇਸ਼ਨ ਅਤੇ ਇਲਾਜ ਕਰਨ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬਾਬਾ ਬਾਬਾ ਬਿਕਰਮਜੀਤ ਸਿੰਘ ਡੇਰਾ ਬਿਸ਼ਨਪੁਰੀ ਦਾ ਸ਼ਾਨਦਾਰ ਅਪਰੇਸ਼ਨ ਕਰਨ ਲਈ ਡਾ. ਪਰਮਿੰਦਰ ਸਿੰਘ ਵਾਰੀਆ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ । ਸ. ਢਾਹਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਤਪਾਲ ਢਾਹਾਂ ਕਲੇਰਾਂ ਵਿਖੇ ਚੱਲ ਰਹੇ ਹੱਡੀਆਂ ਦੇ ਵਿਭਾਗ ਵਿਚ ਖਰਾਬ ਗੋਡੇ, ਮੋਢੇ ਅਤੇ ਚੂਲੇ ਦੇ ਜੋੜ ਬਦਲੀ ਕਰਨ, ਹੱਡੀਆਂ ਦੀ ਵੱਖ ਵੱਖ ਬਿਮਾਰੀਆਂ ਦਾ ਇਲਾਜ ਅਤੇ ਅਪਰੇਸ਼ਨ ਸਫਲਤਾ ਪੂਰਵਕ ਕੀਤੇ ਜਾ ਰਹੇ ਹਨ ।



**ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਫਲ ਅਪਰੇਸ਼ਨ ਉਪਰੰਤ ਡਾ. ਪਰਮਿੰਦਰ ਸਿੰਘ ਵਾਰੀਆ ਯਾਦਗਾਰੀ ਤਸਵੀਰ ਕਰਵਾਉਣ ਮੌਕੇ ਖ਼ੁਸ਼ੀ ਭਰੇ ਮਾਹੌਲ ਵਿਚ ਬਾਬਾ ਜੀ ਅਤੇ ਸਟਾਫ।**

# ਜਾਂਗਲੀਆਣਾ 'ਚ ਨਸ਼ੇ ਖ਼ਿਲਾਫ਼ ਹੁੰਕਾਰ: ਅੱਥਰੂਆਂ ਦੀ ਥਾਂ ਹੁਣ ਉਮੀਦਾਂ ਦੀ ਚਮਕ

## ਡਾ. ਰਾਜ ਅਤੇ ਡਾ. ਈਸ਼ਾਂਕ ਨੇ ਕਿਹਾ- ਇਹ ਮੁਹਿੰਮ ਨਹੀਂ, ਇਕ ਇਨਕਲਾਬ ਹੈ



**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਪਿੰਡ ਜਾਂਗਲੀਆਣਾ ਵਿੱਚ ਨਸ਼ੇ ਦੇ ਖਿਲਾਫ਼ ਇਤਿਹਾਸਕ ਪਹਲ ਕੀਤੀ ਗਈ, ਜਿੱਥੇ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਨਸ਼ਾ ਮੁਕਤੀ ਦੀ ਜਾਗਰੂਕਤਾ ਲਈ ਲੋਕਾਂ ਨੂੰ ਜੁਟਾਇਆ। ਇਕ ਵੱਡੀ ਜਨਸਭਾ ਵਿੱਚ ਪਿੰਡ ਦੇ ਨਿਵਾਸੀਆਂ, ਨੌਜਵਾਨਾਂ, ਮਹਿਲਾਵਾਂ ਅਤੇ ਬੁਜ਼ੁਰਗਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਦਾ ਸਪਥ ਲਿਆ। ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਸਾਡੀ ਹੱਸਖੇਡ ਖੋਹ ਰਿਹਾ ਹੈ, ਪਰਿਵਾਰਾਂ ਦੀ ਰੌਣਕ ਖਤਮ ਕਰ ਰਿਹਾ ਹੈ। ਹੁਣ ਚੁੱਪ ਰਹਿਣ ਦਾ ਸਮਾਂ ਨਹੀਂ, ਲੜਨ ਦਾ ਸਮਾਂ ਆ ਗਿਆ ਹੈ। ਅਸੀਂ ਅੱਖਾਂ ਵਿੱਚ ਅੱਥਰੂ ਨਹੀਂ, ਉਮੀਦਾਂ ਦੀ ਚਮਕ ਚਾਹੀਦੀ ਹੈ। ਉਨ੍ਹਾਂ ਨੇ ਦੱਸਿਆ ਕਿ ਨਸ਼ੇ ਦੇ ਚੰਗਲ ਤੋਂ ਬਾਹਰ ਆਉਣ ਵਾਲੇ ਨੌਜਵਾਨਾਂ ਨੂੰ ਸਰਕਾਰ ਵਲੋਂ ਹਰੇਕ ਸੰਭਵ ਮਦਦ, ਪੁਨ-ਰਵਾਸ ਅਤੇ ਇੱਜ਼ਤ ਮਿਲੇਗੀ। ਇਲਾਕੇ ਵਿੱਚ ਵਿਸ਼ੇਸ਼ ਨਸ਼ਾ ਮੁਕਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ 'ਚ ਸਕੂਲ, ਪੰਚਾਇਤਾਂ, ਸਮਾਜਿਕ ਸੰਗਠਨ ਅਤੇ ਪ੍ਰਸ਼ਾਸਨ ਇਕੱਠੇ ਕੰਮ ਕਰਨਗੇ। ਇਸ ਮੌਕੇ ਤੇ ਵਿਧਾਇਕ ਡਾ. ਈਸ਼ਾਂਕ ਨੇ ਵੀ ਸੰਦੇਸ਼ ਦਿੱਤਾ ਕਿ ਜੇਕਰ ਹਰ ਨੌਜਵਾਨ ਇਹ ਢਿੱਕ ਲੈ ਲਵੇ ਕਿ ਉਹ ਨਸ਼ਾ ਨਹੀਂ ਕਰੇਗਾ, ਤਾਂ ਕੋਈ ਵੀ ਤਾਕਤ ਉਸ ਨੂੰ ਰੋਕ ਨਹੀਂ ਸਕਦੀ। ਨਸ਼ਾ ਸਾਡੀਆਂ ਜੜ੍ਹਾਂ 'ਤੇ ਹਮਲਾ ਹੈ, ਅਤੇ ਅਸੀਂ ਇਸ ਨੂੰ ਜੜ੍ਹ ਤੋਂ ਖਤਮ ਕਰਾਂਗੇ। 'ਨਸ਼ਾ ਮੁਕਤ ਪੰਜਾਬ' ਹੁਣ ਇਕ ਅੰਦੋਲਨ ਹੈ, ਇਹ ਕੇਵਲ ਮੁਹਿੰਮ ਨਹੀਂ, ਇੱਕ ਇਨਕਲਾਬ ਹੈ। ਸਭਾ ਦੇ ਅੰਤ 'ਚ ਪਿੰਡ ਵਾਸੀਆਂ ਵਲੋਂ ਨਸ਼ਾ ਖ਼ਿਲਾਫ਼ ਸ਼ਪਥ ਲਿਆ ਗਿਆ। ਇਸ ਮੌਕੇ 'ਤੇ ਸਰਪੰਚ ਮੰਜੀਤ ਕੌਰ, ਸੁਖਵਿੰਦਰ ਕੌਰ, ਪੰਚ ਸਤਿ ਦੇਵੀ, ਪੰਚ ਲਾਂਭੜ ਰਾਮ, ਪੰਚ ਬਲਵਿੰਦਰ ਕੌਰ, ਪੰਚ ਜੀਵਨ ਕੁਮਾਰੀ, ਮਹਿੰਦਰ ਪਾਲ, ਰਾਮ ਲੁਭਾਇਆ, ਸਤਵਿੰਦਰ ਸਿੰਘ (ਸਰਪੰਚ ਉਟਵਾਲ), ਜਸਵਿੰਦਰ ਸਿੰਘ (ਸਰਪੰਚ ਠੱਕਰਵਾਲ), ਨਰਿੰਦਰ, ਬਲਜੀਤ ਕੋਟ, ਮੋਹਿੰਦਰ ਸਿੰਘ, ਹੈਪੀ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਸਾਰੇ ਨਾਗਰਿਕ ਆਪਣੇ ਅਤੇ ਆਪਣੇ ਬੱਚਿਆਂ ਦੇ ਆਧਾਰ ਕਾਰਡ ਜਰੂਰ ਅੱਪਡੇਟ ਕਰਵਾਉਣ - ਏ.ਡੀ.ਸੀ.

## ਸੇਵਾ ਕੇਂਦਰਾਂ 'ਚ ਬਣਵਾਏ ਜਾਂ ਅੱਪਡੇਟ ਕਰਵਾਏ ਜਾ ਸਕਦੇ ਹਨ ਆਧਾਰ ਕਾਰਡ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਆਧਾਰ ਕਾਰਡ ਨਾਗਰਿਕਾਂ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਹੈ, ਜਿਸਦਾ ਉਪਯੋਗ ਪਛਾਣ, ਪਤੇ ਅਤੇ ਉਮਰ ਦੇ ਸਬੂਤ ਵਜੋਂ ਕੀਤਾ ਜਾਂਦਾ ਹੈ। ਇਹ ਦਸਤਾਵੇਜ਼ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵੱਖ-ਵੱਖ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਲੈਣ ਵਿੱਚ ਸਹਾਇਕ ਹੈ ਅਤੇ ਦੇਸ਼ ਦੇ ਡਿਜ਼ੀਟਲ ਬਦਲਾਅ ਦੀ ਰੀੜ ਦੀ ਹੱਡੀ ਹੈ। ਇਸ ਸੰਬੰਧੀ ਵਧੀਕ ਡਿਪਟੀ ਕਮਿਸ਼ਨਰ (ਸਧਾਰਨ) ਅਮਰਬੀਰ ਕੌਰ ਭੁੱਲਰ ਨੇ ਦੱਸਿਆ ਕਿ ਯੂਆਈਡੀਏਆਈ ਨਵੀਂ ਦਿੱਲੀ ਵੱਲੋਂ ਮਿਲੀ ਰਿਪੋਰਟ ਮੁਤਾਬਕ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 5 ਸਾਲ ਤੋਂ ਘੱਟ ਉਮਰ ਦੇ 55,120 ਬੱਚਿਆਂ ਦੇ ਆਧਾਰ ਕਾਰਡ ਅਜੇ ਤੱਕ ਨਹੀਂ ਬਣੇ ਹਨ। ਇਸਦੇ ਨਾਲ-ਨਾਲ 5 ਤੋਂ 18 ਸਾਲ ਦੀ ਉਮਰ ਦੇ 8,370 ਬੱਚਿਆਂ ਦੇ ਵੀ ਆਧਾਰ ਕਾਰਡ ਨਹੀਂ ਬਣੇ ਹਨ, ਜਦਕਿ 1,37,623 ਨਾਗਰਿਕਾਂ ਦੇ ਲਾਜ਼ਮੀ ਬਾਇਓਮੈਟ੍ਰਿਕ ਅੱਪਡੇਟ ਬਾਕੀ ਹਨ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਈ ਨਾਗਰਿਕਾਂ ਦੇ ਆਧਾਰ ਕਾਰਡਾਂ ਨਾਲ ਨਾ ਤਾਂ ਮੋਬਾਈਲ ਨੰਬਰ ਲਿੰਕ ਹਨ ਅਤੇ ਨਾ ਹੀ ਬਾਇਓਮੈਟ੍ਰਿਕ ਅੱਪਡੇਟ ਹੋਏ ਹਨ, ਜਿਸ ਕਰਕੇ ਉਨ੍ਹਾਂ ਨੂੰ ਸਰਕਾਰੀ ਜਾਂ ਨਿੱਜੀ ਸੇਵਾਵਾਂ ਦਾ ਲਾਭ ਲੈਣ ਸਮੇਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਸੇਵਾ ਕੇਂਦਰ ਵਿੱਚ ਜਾ ਕੇ ਆਪਣੇ ਅਤੇ ਆਪਣੇ ਬੱਚਿਆਂ ਦੇ ਆਧਾਰ ਕਾਰਡ ਬਣਵਾਏ ਜਾਂ ਅੱਪਡੇਟ ਕਰਵਾਏ, ਤਾਂ ਜੋ ਭਵਿੱਖ ਵਿੱਚ ਦਫਤਰੀ ਕੰਮ ਜਾਂ ਕਿਸੇ ਹੋਰ ਲੋੜ ਲਈ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਆਵੇ। ਜਿਲ੍ਹਾ ਆਈ.ਟੀ. ਮੈਨੇਜਰ ਕਰਮਜੀਤ ਸਿੰਘ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਵਿੱਚ ਆਧਾਰ ਨਾਲ ਸੰਬੰਧਤ ਸੇਵਾਵਾਂ ਉਪਲੱਬਧ ਹਨ। ਨਾਗਰਿਕਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ ਮਿੰਨੀ ਸਕੱਤਰੇਤ ਵਿਖੇ ਸਥਿਤ ਸੇਵਾ ਕੇਂਦਰ ਵਿੱਚ ਆਧਾਰ ਕਾਊਂਟਰ ਕੰਮ ਕਰ ਰਹੇ ਹਨ। ਇਸਦੇ ਇਲਾਵਾ ਐਸ.ਡੀ.ਐਮ. ਦਫ਼ਤਰ ਮੁਕੇਰੀਆਂ, ਗੜ੍ਹਸ਼ੰਕਰ, ਤਹਿਸੀਲ ਟਾਂਡਾ, ਦਸੂਹਾ ਅਤੇ ਹੋਰ ਸੇਵਾ ਕੇਂਦਰਾਂ 'ਚ ਐਤਵਾਰ ਨੂੰ ਵੀ ਆਧਾਰ ਕਾਰਡ ਸੇਵਾ ਉਪਲੱਬਧ ਹੈ।

# ਰਮਨਦੀਪ ਕੌਰ ਨੇ ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਚ ਨਾਮ ਚਮਕਾਇਆ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ ।** ਲੰਘੀ 16 ਜੁਲਾਈ ਤੋਂ 20 ਜੁਲਾਈ ਤੱਕ ਛੱਤੀਸਗੜ੍ਹ ਵਿਖੇ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਮੁਕਾਬਲਾ ਹੋਇਆ ਸੀ। ਇਸ ਮੁਕਾਬਲੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚੋਂ ਕਰੀਬ ਦੋ ਦਰਜਨ ਤੋਂ ਵੱਧ ਟੀਮਾਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਜਿਲ੍ਹੇ ਦੇ ਸੰਮੇਵਾਲੀ ਪਿੰਡ ਦੀ ਧੀ ਰਮਨਦੀਪ ਕੌਰ ਨੇ 45 ਕਿਲੋਗ੍ਰਾਮ ਤੱਕ ਭਾਰ ਦੇ ਮੁਕਾਬਲੇ ਵਿੱਚ ਭਾਗ ਲਿਆ ਸੀ।ਇਸ ਫਸਵੇਂ ਮੁਕਾਬਲੇ ਵਿੱਚ ਰਮਨਦੀਪ ਨੇ ਉਕਤ ਚੈਂਪੀਅਨਸ਼ਿਪ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਪਿੰਡ, ਸਮੁੱਚੇ ਇਲਾਕੇ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਮੈਡਲ ਪ੍ਰਾਪਤੀ ਤੋਂ ਰਮਨਦੀਪ ਕੱਲ੍ਹ ਹੀ ਆਪਣੇ ਜੱਦੀ ਪਿੰਡ ਸੰਮੇਵਾਲੀ ਪਹੁੰਚੀ ਹੈ । ਜਿੱਥੇ ਪਰਿਵਾਰ ਦੇ ਸ਼ੁਭਚਿੰਤਕਾਂ ਵੱਲੋਂ ਉਸ ਦਾ ਭਰਪੂਰ ਸਵਾਗਤ ਕੀਤਾ ਗਿਆ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ ਅਤੇ ਪੈਟਰਨ ਡਾ. ਸੁਰਿੰਦਰ ਗਿਰਧਰ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਰਮਨਦੀਪ ਕੌਰ ਅਤੇ ਉਸ ਦੇ ਪਿਤਾ ਸਾਹਿਬ ਸਿੰਘ ਸਮੇਤ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਦੇਸ਼ ਭਰ ਵਿੱਚ ਜਿਲ੍ਹੇ ਦਾ ਨਾਮ ਉੱਚਾ ਕਰਨ ਵਾਲੀ ਰਮਨਦੀਪ ਕੌਰ ਨੂੰ ਜਲਦੀ ਹੀ ਉਹਨਾਂ ਦੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

# ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਜਿਲ੍ਹਾ ਲੁਧਿਆਣਾ ਟੀਮ ਦਾ ਵਿਸਥਾਰ

## ਕਲਾ ਅਤੇ ਲੋਕ ਭਲਾਈ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਉਣ ਵਾਲੀਆਂ ਸ਼ਖਸ਼ੀਅਤਾਂ ਨੂੰ ਕੀਤਾ ਸ਼ਾਮਿਲ – ਪ੍ਰੋ ਭੋਲਾ ਯਮਲਾ






**ਲੁਧਿਆਣਾ, (ਰਮੇਸ਼ਵਰ ਸਿੰਘ)** ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਆਪਣੇ ਲੋਕ ਭਲਾਈ ਅਤੇ ਕਲਾ-ਸੰਸਕ੍ਰਿਤੀ ਪ੍ਰੋਗਰਾਮਾਂ ਨੂੰ ਹੋਰ ਵਧਾਉਂਦਿਆਂ ਜਿਲ੍ਹਾ ਲੁਧਿਆਣਾ ਦੀ ਨਵੀਂ ਟੀਮ ਦਾ ਵਿਸਥਾਰ ਕੀਤਾ ਗਿਆ। ਇਹ ਵਿਸਥਾਰ ਸੰਸਥਾ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ (ਆਈ. ਐਫ.ਐਸ., ਸੇਵਾ ਮੁਕਤ) ਦੀ ਸਰਪ੍ਰਸਤੀ ਅਤੇ ਸੰਸਥਾ ਦੇ ਬਾਨੀ ਡਾਇਰੈਕਟਰ ਪ੍ਰੋਫੈਸਰ ਭੋਲਾ ਯਮਲਾ ਦੀ ਦਿਸ਼ਾ-ਨਿਰਦੇਸ਼ਾਂ ਹੇਠ ਕੀਤਾ ਗਿਆ। ਨਵੀਂ ਟੀਮ ਵਿੱਚ ਨੈਸ਼ਨਲ ਐਵਾਰਡੀ ਉਘੇ ਸ਼ਾਇਰ ਤੇ ਸਾਹਿਤਕਾਰ ਡਾ ਗੁਰ-ਚਰਨ ਕੌਰ ਕੋਚਰ ਨੂੰ ਮੈਂਬਰ ਰਾਜ ਸਲਾਹਕਾਰ ਬੋਰਡ, ਪ੍ਰਸਿੱਧ ਗ਼ਜ਼ਲਕਾਰ ਡਾ. ਟਿੱਕਾ ਜੇ.ਐਸ. ਸਿੱਧੂ ਨੂੰ ਜਿਲ੍ਹਾ ਪ੍ਰਧਾਨ, ਪੰਜਾਬੀ ਮਿਸਟ੍ਰੈਸ ਤੇ ਸਾਹਿਤਕਾਰ ਜਸਵੀਰ ਕੌਰ ਜੱਸੀ ਨੂੰ ਉਪ-ਪ੍ਰਧਾਨ ਅਤੇ ਕਲਾ ਤੇ ਸੰਸਕ੍ਰਿਤੀ ਦੇ ਮਸ਼ਹੂਰ ਸੇਵਕ ਸ. ਸੰਧੇ ਸੁਖਬੀਰ ਸਿੰਘ ਨੂੰ ਕਲਾ ਤੇ ਕਲਚਰ ਸੈੱਲ ਦਾ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ।

ਇਸ ਮੌਕੇ ਸੰਸਥਾ ਦੇ ਡਾਇਰੈਕਟਰ ਪ੍ਰੋ. ਭੋਲਾ ਯਮਲਾ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਚਾਰ ਮੁੱਖ ਸ਼ਖ਼ਸੀਅਤਾਂ ਪਹਿਲਾਂ ਤੋਂ ਹੀ ਸਾਹਿਤ, ਕਲਾ ਅਤੇ ਲੋਕ ਭਲਾਈ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਿਵੇਂ ਇਹ ਆਪਣੀ ਕਲਮ ਅਤੇ ਕਲਾ ਰਾਹੀਂ ਸਮਾਜ ਵਿੱਚ ਚਾਨਣ ਫੈਲਾ ਰਹੇ ਹਨ, ਓਸੇ ਤਰ੍ਹਾਂ ਨਵੀਂ ਟੀਮ ਦੇ ਸਹਿਯੋਗ ਨਾਲ ਸਾਹਿਤ, ਕਲਾ ਤੇ ਲੋਕ ਭਲਾਈ ਦੇ ਕੰਮਾਂ ਨੂੰ ਹੋਰ ਤੀਬਰਤਾ ਨਾਲ ਅਗੇ ਵਧਾਇਆ ਜਾਵੇਗਾ।

ਨਵੀਂ ਜ਼ਿਲਾ ਟੀਮ ਵਿੱਚ ਜੁਆਇੰਟ ਸਕੱਤਰ ਸ਼ਵਿੰਦਰ ਕੌਰ, ਜਨਰਲ ਸਕੱਤਰ ਸ਼੍ਰੀਮਤੀ ਕੰਵਲਜੀਤ ਕੌਰ, ਪ੍ਰੈਸ ਸਕੱਤਰ ਗੁਰਜੀਤ ਸਿੰਘ, ਜਿਲ੍ਹਾ ਕਨਵੀਨਰ ਡਾ. ਜਸਵੀਰ ਸਿੰਘ ਗਰੇਵਾਲ ਅਤੇ ਜਸਪ੍ਰੀਤ ਸਿੰਘ, ਜਿਲ੍ਹਾ ਸਲਾਹਕਾਰ ਸਤਵਿੰਦਰ ਸਿੰਘ ਹੋਰਾਂ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ ਹੈ। ਸਾਹਿਤ ਤੇ ਭਾਸ਼ਾ ਸੈੱਲ ਦੇ ਕੌਮੀ ਕਨਵੀਨਰ ਇਕਬਾਲ ਸਿੰਘ ਸਹੋਤਾ, ਸੂਬਾ ਪ੍ਰਧਾਨ ਮਦਨ ਜਲੰਧਰੀ ਅਤੇ ਕਨਵੀਨਰ ਡਾ. ਸੋਨਦੀਪ ਮੌਂਗਾ ਹੋਰਾਂ ਨੇ ਟੀਮ ਨੂੰ ਵਧਾਈਆਂ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਕੰਮਾਂ ਲਈ ਕਾਮਨਾ ਕੀਤੀ ਹੈ ਇਹ ਟੀਮ ਲੋਕ ਹਿੱਤ ਵਿੱਚ ਨਵੀਆਂ ਉਚਾਈਆਂ ਛੂਹੇਗੀ ਅਤੇ ਨਵੀਂ ਜਿਲ੍ਹਾ ਟੀਮ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਸਾਹਿਤ, ਕਲਾ ਅਤੇ ਲੋਕ ਭਲਾਈ ਦੇ ਖੇਤਰ ਵਿੱਚ ਸਮਾਜ ਨੂੰ ਚਾਨਣ ਦੇਣ ਵਿੱਚ ਵਿਸ਼ੇਸ ਯੋਗਦਾਨ ਪਾਵੇਗੀ।

# ਕਿਰਤੀ ਕਿਸਾਨ ਯੂਨੀਅਨ ਵੱਲੋਂ 25 ਨੂੰ ਪੁਲਿਸ ਜ਼ਬਰ 'ਤੇ ਲੈਂਡ ਪੂਲਿੰਗ ਵਿਰੋਧੀ ਰੈਲੀ ਲਈ ਮੀਟਿੰਗਾਂ ਦਾ ਦੌਰ ਜਾਰੀ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** 25 ਜੁਲਾਈ ਨੂੰ ਸੰਗਰੂਰ ਵਿਖੇ ਪੁਲਿਸ ਜ਼ਬਰ ਅਤੇ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ ਵਿੱਚ ਹੋ ਰਹੀ ਸੂਬਾ ਪੱਧਰੀ ਰੈਲੀ ਦੀ ਤਿਆਰੀ ਲਈ ਕਿਰਤੀ ਕਿਸਾਨ ਯੂਨੀਅਨ ਵਲੋਂ ਪਿੰਡ ਚਾਹਲ ਪੁਰ ਅਤੇ ਮੋਲਾ-ਵਹਿਦਪੁਰ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਜਿਸ ਵਿੱਚ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੀ ਜੋਰਦਾਰ ਨਿਖੇਧੀ ਕੀਤੀ ਗਈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਜਿਲ੍ਹਾ ਸਕੱਤਰ ਕੁਲਵਿੰਦਰ ਸਿੰਘ ਚਾਹਲ ਅਤੇ ਬਲਾਕ ਆਗੂ ਕੁਲਵੰਤ ਸਿੰਘ ਗੋਲੇਵਾਲ ਨੇ ਕਿਹਾ ਕੇ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਸਰਕਾਰ ਵੱਲੋਂ ਅਣ ਐਲ਼ਾਨੀ ਐਮ੍ਰਜੈਂਸੀ ਲਾ ਕੇ ਕਿਸਾਨਾ ਮਜਦੂਰਾ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਲੈਂਡ ਪੂਲਿੰਗ ਪਾਲ਼ਸੀ ਤਹਿਤ ਗਲਤ ਤਰੀਕੇ ਨਾਲ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜਿਸ ਕਰਕੇ ਪੰਜਾਬ ਦੇ ਸਮੂਹ ਕਿਸਾਨਾ ਵਿੱਚ ਰੋਸ ਪਾਇਆ ਜਾ ਰਿਹਾ ਹੈ। ਜੇਕਰ ਸਰਕਾਰ ਨੇ ਆਪਣੀ ਨੀਤੀ ਵਾਪਸ ਨਾ ਲਈ ਤਾਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚੇ ਵਲੋਂ ਤਕੜੇ ਪਰੋਗਰਮ ਕੀਤੇ ਜਾਣਗੇ। ਅੱਜ ਦੀ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਆਗੂ ਹਰਮੇਸ਼ ਸਿੰਘ ਢੇਸੀ, ਸੁਖਵਿੰਦਰ ਸਿੰਘ ਮੋਇਲਾ- ਵਾਹਿਦਪੁਰ, ਰੇਸ਼ਮ ਸਿੰਘ, ਗੁਰਨੇਕ ਸਿੰਘ, ਸਤਨਾਮ ਸਿੰਘ ਚਾਹਲ ਪੁਰ, ਗੁਰਦੀਪ ਸਿੰਘ ਅਤੇ ਲਖਵੀਰ ਸਿੰਘ ਹਾਜਰ ਸਨ।

# ਉਸਾਰੀ ਮਿਸਤਰੀ ਮਜਦੂਰ ਯੂਨੀਅਨ ਵਲੋਂ 25 ਜੁਲਾਈ ਦੀ ਸੰਗਰੂਰ ਰੈਲੀ ਵਿਚ ਪਹੁੰਚਣ ਦਾ ਐਲਾਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਉਸਾਰੀ ਮਿਸਤਰੀ ਮਜਦੂਰ ਯੂਨੀਅਨ ( ਇਫਟੂ ) ਨੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਆਗੂਆਂ ਦੀ ਰਿਹਾਈ ਲਈ ਅਤੇ ਪੁਲਸ ਜਬਰ ਦੇ ਵਿਰੁੱਧ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿਚ ਪਹੁੰਚਣ ਦਾ ਐਲਾਨ ਕੀਤਾ ਹੈ।ਯੂਨੀਅਨ ਨੇ ਇਹ ਐਲਾਨ ਇੱਥੇ ਕੀਤੀ ਗਈ ਮੀਟਿੰਗ ਵਿਚ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਸ਼ਿਵ ਨੰਦਨ, ਓਮਪ੍ਰਕਾਸ਼ ਨੇ ਕਿਹਾ ਕਿ 20 ਮਈ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸ਼ਹਿ ਉੱਤੇ ਪੁਲਸ ਨੇ ਸੰਗਰੂਰ ਜਿਲੇ ਦੀ 927 ਏਕੜ ਬੇਨਾਮੀ ਜਮੀਨ ਉੱਤੇ ਬੇਗਮ ਪੁਰਾ ਵਸਾਉਣ ਜਾ ਰਹੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਸੀ ਜਿਹਨਾਂ ਵਿਚੋਂ ਕਈ ਅਜੇ ਵੀ ਜੇਹਲ ਵਿਚ ਬੰਦ ਹਨ।ਕਮੇਟੀ ਦੇ ਦੋ ਆਗੂਆਂ ਨੂੰ ਪੁਲਸ ਨੇ ਗੱਲਬਾਤ ਦੇ ਬਹਾਨੇ ਸੱਦਕੇ ਗ੍ਰਿਫਤਾਰ ਕੀਤਾ।ਉਹਨਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਨੂੰ ਪੁਲਸ ਰਾਜ ਬਣਾ ਰਹੀ ਹੈ,ਆਏ ਦਿਨ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ, ਪੁਲਸ ਹਿਰਾਸਤ ਵਿਚ ਮੌਤਾਂ ਹੋ ਰਹੀਆਂ ਹਨ।ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਪੁਲਸ ਜਬਰ ਨਾਲ ਦਬਾਇਆ ਜਾ ਰਿਹਾ ਹੈ ਅਤੇ ਯੂ.ਪੀ ਦੀ ਤਰਜ ਉੱਤੇ ਘਰਾਂ ਨੂੰ ਬੁਲਡੋਜਰਾਂ ਨਾਲ ਤਬਾਹ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਮਾਨ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਡਾਕਟਰ ਬੀ.ਆਰ ਅੰਬੇਡਕਰ ਦੇ ਗੁਣਗਾਨ ਕਰਦੀ ਨਹੀਂ ਥੱਕਦੀ ਪਰ ਉਹਨਾਂ ਦੇ ਅਸਲ ਵਾਰਿਸਾਂ ਨੂੰ ਜੇਹਲਾਂ ਵਿਚ ਤਾੜ ਰਹੀ ਹੈ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਦਲਿਤ ਵਿਰੋਧੀ ਚੇਹਰਾ ਆਏ ਦਿਨ ਨੰਗਾ ਹੋ ਰਿਹਾ ਹੈ ਅਤੇ ਇਸ ਸਰਕਾਰ ਵਲੋਂ ਖੜ੍ਹੇ ਕੀਤੇ ਧੂੰਏ ਦੇ ਪਹਾੜ ਸੰਘਰਸ਼ਾਂ ਦੀ ਹਨੇਰੀ ਨਾਲ ਉੱਡ ਰਹੇ ਹਨ।ਆਗੂਆਂ ਨੇ ਕਿਹਾ ਕਿ ਲੋਕ ਸੰਘਰਸ਼ਾਂ ਨੂੰ ਜਬਰ ਨਾਲ ਨਹੀਂ ਦਬਾਇਆ ਜਾ ਸਕਦਾ।ਉਹਨਾਂ ਕਿਹਾ ਕਿ ਜਥੇਬੰਦੀਆਂ ਸੰਗਰੂਰ ਵਿਚ ਵੱਡਾ ਇਕੱਠ ਕਰਕੇ ਪੁਲਸ ਦੀ ਦਹਿਸ਼ਤ ਨੂੰ ਤੋੜਨਗੀਆਂ। ਇਸ ਮੌਕੇ ਬਬਲੂ ਸਲੋਹ, ਰਜਿੰਦਰ, ਮੁਕੇਸ਼, ਆਜਾਦ ਨੇ ਵੀ ਵਿਚਾਰ ਪ੍ਰਗਟ ਕੀਤੇ।

## ਕੈਨੇਡਾ 'ਚ ਗਰਮੀ ਦਾ ਪ੍ਰਕੋਪ ਵਧਿਆ: ਲੋਕਾਂ ਨੇ ਸਮੁੰਦਰ 'ਚ ਲਗਾਈਆਂ 'ਡੁੱਬਕੀਆਂ', ਬੀਅਰ ਦੀ ਖਪਤ ਚ ਵਾਧਾ

**ਵੈਨਕੂਵਰ,ਜੁਲਾਈ(ਮਲਕੀਤ ਸਿੰਘ)-** ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਪਿਛਲੇ ਦਿਨਾਂ ਤੋਂ ਗਰਮੀ ਦੇ ਪ੍ਰਕੋਪ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਮੌਸਮ ਵਿਭਾਗ ਦੇ ਮਾਹਰਾਂ ਦੀ ਰਾਇ ਮੁਤਾਬਿਕ ਪਛੜ ਕੇ ਪੈ ਰਹੀ ਗਰਮੀ ਕਾਰਨ ਵੈਨਕੂਵਰ,ਸਰੀ ਅਤੇ ਆਸ-ਪਾਸ ਦੇ ਸ਼ਹਿਰਾਂ 'ਚ ਬੁੱਧਵਾਰ ਵੱਧ ਤੋਂ ਵੱਧ ਤਾਪਮਾਨ 26 ਸੈਲਸੀਅਸ ਰਿਕਾਰਡ ਕੀਤਾ ਗਿਆ।ਮੌਸਮ ਵਿਭਾਗ ਵੱਲੋਂ ਆਮ ਲੋਕਾਂ ਨੂੰ ਮੌਸਮ ਦੇ ਅਚਾਨਕ ਬਦਲਦੇ ਮਿਜਾਜ ਦੇ ਮੱਦੇਨਜ਼ਰ ਚੁਕੰਨਿਆ ਰਹਿਣ ਦੀ ਸਲਾਹ ਦਿੱਤੀ ਗਈ ਹੈ਼ਬ ਹੋਰ ਵੇਰਵਿਆਂ ਅਨੁਸਾਰ ਆਉਂਦੇ ਇਕ ਦੋ ਦਿਨਾਂ ਤੀਕ ਮੌਸਮ ਗਰਮ ਰਹਿਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਜਦੋਂ ਕਿ ਅਗਲੇ ਹਫਤੇ ਨੂੰ ਬਦਲਵਾਈ ਹੋਣ ਕਾਰਨ ਤਪਦੇ ਮੌਸਮ 'ਚ ਕੁਝ ਠੰਡਕ ਆਉਣ ਦੀ ਆਸ ਹੈ। ਦੂਸਰੇ ਪਾਸੇ ਗਰਮੀ ਦੇ ਸਤਾਏ ਬਹੁਗਿਣਤੀ ਲੋਕ ਠੰਡਕ ਦਾ ਆਨੰਦ ਲੈਣ ਲਈ ਵਾਈਟ ਰੌਕ,ਵਾਟਰ ਫਰੰਟ ਅਤੇ ਹੋਰਨਾਂ ਨੇੜਲੇ ਸਮੁੰਦਰੀ ਬੀਚਾ ਦੇ ਠੰਡੇ ਪਾਣੀਆਂ 'ਚ 'ਡੁੱਬਕੀਆਂ' ਲਗਾਉਂਦੇ ਵੀ ਦਿਖਾਈ ਦਿੱਤੇ। ਵੈਨਕੂਵਰ ਦੇ ਡਾਊਨਟਾਊਨ ਏਰੀਆ 'ਚ ਵੀ ਗਰਮੀ ਤੋਂ ਅੱਕੇ ਕੁਝ 'ਪਿਆਕੜ' ਠੰਡੀਆਂ ਬੀਅਰਾ ਨਾਲ 'ਆਨੰਦ' ਮਾਣਦੇ ਵੀ ਨਜ਼ਰੀ ਪਾਏ।

## ਵੈਨਕੂਵਰ ਦੀ ਰੇਬੇਕਾ ਮੈਰੀਨੋ ਨੂੰ ਨੈਸ਼ਨਲ ਬੈਂਕ ਓਪਨ ਚ ਖੇਡਣ ਲਈ ਵੈਲਡ ਕਾਰਡ ਮਿਲਿਆ



ਰੇਬਕਾ ਦੀ ਇੱਕ ਤਸਵੀਰ।

**ਵੈਨਕੂਵਰ ,ਜੁਲਾਈ( ਮਲਕੀਤ ਸਿੰਘ)-** ਵੈਨਕੂਵਰ ਦੀ ਮਸ਼ਹੂਰ ਟੈਨਸ ਖਿਡਾਰਨ 34 ਸਾਲਾ ਰੇਬਿਕਾ ਮੈਰੀਨੋ ਨੈਸ਼ਨਲ ਬੈਂਕ ਟੂਰਨਾਮੈਂਟ ਦੇ ਮੁੱਖ ਡਰਾਅ ਚ ਖੇਡਣ ਲਈ ਵਾਇਲਡ ਕਾਲਡ ਰਾਹੀਂ ਚੁਣੀ ਗਈ਼ਬ ਇਸ ਵਾਰ ਕਨੇਡਾ ਦੀਆਂ ਕੁੱਲ 8 ਮਹਿਲਾ ਖਿਡਾਰਨਾ ਇਸ ਟੂਰਨਾਮੈਂਟ ਦਾ ਹਿੱਸਾ ਬਣ ਰਹੀਆਂ ਹਨ ਜੋ ਕਿ ਇੱਕ ਰਿਕਾਰਡ ਮੰਨਿਆ ਜਾ ਰਿਹਾ ਹੈ।਼ਬ ਜ਼ਿਕਰ ਯੋਗ ਹੈ ਕਿ 2013 ਚ ਡਿਪਰੈਸ਼ਨ ਅਤੇ ਸਾਈਬਰ ਬੁਲਿੰਗ ਕਾਰਨ ਉਹ ਖੇਡਣ ਤੋਂ ਹਟ ਗਈ ਸੀ਼ਬ ਅਤੇ 2018 ਉਸ ਵਲੋਂ 'ਚ ਮੁੜ ਪ੍ਰੋਫੈਸ਼ਨਲ ਟੈਨਸ ਵਿੱਚ ਵਾਪਸੀ ਕੀਤੀ।

### ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਵਿੱਚ ਵੀ ਐਂਟੀ ਰੈਬੀਜ਼ ਟੀਕੇ ਲਗਾਏ ਜਾਣਗੇ - ਸਿਵਲ ਸਰਜਨ ਡਾ. ਪਵਨ ਕੁਮਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਦੇ ਨਿਰਦੇਸ਼ਾਂ ਅਨੁਸਾਰ ਪਵਨ ਕੁਮਾਰ ਸ਼ਗੋਤਰਾ ਦੀ ਅਗਵਾਈ ਹੇਠ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਐਂਟੀ ਰੈਬੀਜ਼ ਟੀਕਾਕਰਨ ਮੁਹੱਈਆ ਕਰਵਾਇਆ ਗਿਆ ਹੈ। ਇਸ ਜਨਤਕ ਸਿਹਤ ਪਹਿਲ ਦਾ ਉਦੇਸ਼ ਰੇਬੀਜ਼ ਦੇ ਫੈਲਾਅ ਨੂੰ ਰੋਕਣਾ ਅਤੇ ਸਾਰੇ ਜਾਨਵਰਾਂ ਦੇ ਕੱਟਣ ਵਾਲੇ ਪੀੜਤਾਂ ਨੂੰ ਸਮੇਂ ਸਿਰ ਦੇਖਭਾਲ ਪ੍ਰਦਾਨ ਕਰਨਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਡਾ. ਪਵਨ ਕੁਮਾਰ ਨੇ ਦੱਸਿਆ ਕਿ ਸਿਹਤ ਵਿਭਾਗ ਅਧੀਨ ਆਉਂਦੇ 73 ਆਮ ਆਦਮੀ ਕਲੀਨਿਕਾਂ ਵਿੱਚ ਐਂਟੀ ਰੈਬੀਜ਼ ਟੀਕਾ ਲਗਾਇਆ ਗਿਆ ਹੈ, ਜਿਸ ਕਾਰਨ ਹੁਣ ਐਂਟੀ ਰੈਬੀਜ਼ ਟੀਕਾ ਲਗਵਾਉਣ ਲਈ ਦੂਰ ਨਹੀਂ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਟੀਕਾ ਸਿਰਫ਼ ਜ਼ਿਲ੍ਹਾ ਹਸਪਤਾਲਾਂ, ਸਬ-ਡਵੀਜ਼ਨਲ ਹਸਪਤਾਲਾਂ, ਕਮਿਊਨਿਟੀ ਹੈਲਥ ਇੰਸਟੀਚਿਊਟ ਪੱਧਰ ਦੇ ਹਸਪਤਾਲਾਂ ਵਿੱਚ ਲਗਾਇਆ ਜਾਂਦਾ ਸੀ, ਜਿਸ ਕਾਰਨ ਲੋਕਾਂ ਨੂੰ ਟੀਕਾਕਰਨ ਲਈ ਲੰਬੀ ਦੂਰੀ ਤੈਅ ਕਰਨੀ ਪੈਂਦੀ ਸੀ, ਪਰ ਹੁਣ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ, ਇਹ ਟੀਕਾ ਜ਼ਿਲ੍ਹੇ ਦੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਉਪਲਬਧ ਕਰਵਾ ਦਿੱਤਾ ਗਿਆ ਹੈ।

# ਗੁਰਮੇਲ ਭੱਟੀ ਜੀ ਦਾ ਬੇਵਕਤੀ ਜਾਣ ਨਾਲ ਪਰਿਵਾਰ ਦੇ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਰੀਮਪੁਰੀ

### ਲਾਪਤਾ ਦੋਹਤੇ ਵਿਨੀਤ ਦੀ ਤੰਦਰੁਸਤੀ ਤੇ ਮਿਲਣ ਦੀ ਕੀਤੀ ਅਰਦਾਸ: ਪ੍ਰਵੀਨ ਬੰਗਾ





**ਬੰਗਾ।** ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਗੁਰਮੇਲ ਭੱਟੀ ਜੀ ਦੇ ਧਰਮਪਤਨੀ ਸੁਰਿੰਦਰ ਕੌਰ,ਬੇਟੇ ਗੁਰਪ੍ਰੀਤ,ਬਲਵੀਰ ਭੱਟੀ ਭਰਾ ਮਹਿੰਦਰ ਪਾਲ ਬੇਟੀਆਂ ਸੰਗੀਤਾ,ਸੁਨੀਤਾ,ਤੇ ਜਖਮੀ ਹੋਈ ਬੇਟੀ ਬਲਵਿੰਦਰ ਕੋਰ ਦਤੋਚ ਤੇ ਸਮੂਚੇ ਭਟੀ ਪਰਿਵਾਰ ਨਾਲ ਬਸਪਾ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਸਾਂਝਾ ਕੀਤਾ ਗੁਰਮੇਲ ਭੱਟੀ ਜੀ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਨੇ ਆਖਿਆ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਨੂੰ ਸਮਰਪਿਤ ਗੁਰਮੇਲ ਭੱਟੀ ਜੀ ਦਾ ਪੂਰਾ ਜੀਵਨ ਲੋਕਾਂ ਦੀ ਭਲਾਈ ਲਈ ਲਗਾਇਆ ਬੀਤੇ ਦਿਨੀਂ ਸੜਕ ਹਾਦਸੇ ਕਾਰਨ ਸਾਡੇ ਵਿੱਚੋ ਇੱਕ ਸਾਥੀ ਨਹੀਂ ਗਿਆ ਇਕ ਹੀਰਾ ਗਿਆ ਉਨ੍ਹਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ ਉਨ੍ਹਾਂ ਨੇ ਪਰਿਵਾਰਿਕ ਸਮਾਜਿਕ ਜਿਮੇਵਾਰੀਆਂ ਦੇ ਨਾਲ ਨਾਲ ਬਾਮਸੇਫ ਦੇ ਮਿਸ਼ਨਰੀ ਆਗੂ ਵਜੋਂ ਉਨ੍ਹਾਂ ਨੇ ਬਹੁਤ ਸੇਵਾ ਨਿਭਾਈ। ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਨੇ ਗੁਰਮੇਲ ਭੱਟੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਪਰਿਵਾਰ ਨੂੰ ਭਰੋਸਾ ਦਿਵਾਇਆ ਬਸਪਾ ਪੰਜਾਬ ਉਨ੍ਹਾਂ ਦੇ ਨਾਲ ਖੜ੍ਹੀ ਹੈ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨੂੰ ਭਾਣਾ ਮੰਨਣ ਲਈ ਦਲੱਸਾ ਦਿੱਤਾ। ਤੇ ਹਾਦਸੇ ਵਿੱਚ ਲਾਪਤਾ 10ਸਾਲਾ ਵਨੀਤ ਦਬੋਚ ਦੋਹਤੇ ਦੀ ਤੰਦਰੁਸਤੀ ਦੀ ਤੇ ਜਲਦੀ ਪਰਿਵਾਰ ਨੂੰ ਮਿਲਣ ਦੀ ਕੁਦਰਤ ਦੇ ਅਗੇ ਕਾਮਨਾ ਕੀਤੀ ਸ਼ਰਧਾਂਜਲੀ ਸਮਾਗਮ ਵਿੱਚ ਬਸਪਾ ਪੰਜਾਬ ਦੇ ਸਕੱਤਰ ਇੰਜ ਜਸਵੰਤ ਰਾਏ ਦਫ਼ਤਰ ਇੰਚਾਰਜ, ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ, ਹਰਜੋਤ ਕੋਰ ਲੋਹਟੀਆ ਬੰਗਾ ਹਲਕੇ ਦੇ ਪ੍ਰਧਾਨ ਸਤਪਾਲ ਰਟੈਂਡਾ , ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ,ਜੈ ਪਾਲ ਸੂੰਡਾ ਸਾਬਕਾ ਪ੍ਰਧਾਨ, ਧਰਮ ਪਾਲ ਤਲਵੰਡੀ ਬਸਪਾ ਆਗੂ, ਮਹਿੰਦਰ ਪਾਲ ਸੈਕਟਰ ਪ੍ਰਧਾਨ, ਮੁਲਾਜ਼ਮ ਆਗੂ ਮਲਕੀਤ ਮੰਢਾਲੀ, ਰਾਮ ਕ੍ਰਿਸ਼ਨ ਪੱਲੀ ਝਿੱਕੀ ਮੁਲ-ਾਜ਼ਮ ਆਗੂ, ਸਤਨਾਮ ਰਟੈਂਡਾ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ, ਕੁਲਵਿੰਦਰ ਗੋਰਾ ਸਾਬਕਾ ਪੰਚਾਇਤ ਮੈਂਬਰ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਹਰਬੰਸ ਕੌਰ ਸਾਬਕਾ ਸਰਪੰਚ ਜੰਡਾਲੀ, ਪਰਮਜੀਤ ਤੋ ਇਲਾਵਾ ਡੇਰਾ ਰਾਧਾ ਸਵਾਮੀ ਬਿਆਸ ਵਲੋਂ ਜੋਨਲ ਸੈਕਟਰੀ ਸੁਨੀਲ ਤਲਵਾਰ, ਏਰੀਆ ਸੈਕਟਰੀ ਰਾਜੀਵ ਗੁਲਾਟੀ, ਬੰਗਾ ਸੈਂਟਰ ਦੇ ਇੰਚਾਰਜ ਪ੍ਰਵੀਨ ਕੁਮਾਰ, ਵੀਰਭਾਨ ਜੀ, ਆਸ਼ੂ ਜੀ ਮਨਜੀਤ ਲਾਲ ਮੰਢਾਲੀ, ਕਸ਼ਮੀਰ ਲਾਲ, ਦੇਸ ਰਾਜ ਘੁੰਮਣਾ, ਤੋ ਇਲਾਕੇ ਦੇ ਸੈਂਟਰਾਂ ਦੇ ਸਾਥੀਆਂ ਨੇ ਭੱਟੀ ਪਰਿਵਾਰ ਨਾਲ ਦੁੱਖ ਦਾ ਇਜਹਾਰ ਕੀਤਾ।





# LOTTERY VISA

## GOLDEN OPPORTUNITY FOR OUR YOUTH'



### 'Let's Not Miss This Golden Opportunity for Our Youth'

**Sital Singh Gill**
**Founder & Immigration Lawyer – Gill Immigration Law Consultants Ltd**
**General Secretary – Indian Workers Association** (G.B)

This is not just a visa – it is a life-changing opportunity for our educated you th (aged 18 to 30) to live work, and grow professionally in the United Kingdom for up to two years it is designed for those who held a degree and support themselves financially.

Our mission at the **Indian Workers Professionals Scheme?** has always been to fight for fair access dignity, and opportunity for the Indian diaspora in Britain. Today, that includes ensuring our young people do not miss out on this incredible chance due to lack of awareness or **misinformation**

### What is the UK-India Young Professionals Scheme?

A UK government visa scheme that allows indian citizens aged 18 to 30 to live. work, and study in he UK for up to two years

### Eiigibiiity Requirements

- Indian citizenship
- Age: 18 to 30 degree or higher
- At (east £2,530 lapprox. ₹275 lakh) in savings

### How to Enter the Ballot

**Visit:** https://www.gov.uk

**Provide:**

- Full Name
- Date of Birth
- Passport details (including scan or photo)
- Email

**Enter the Ballot for FREE**

**Need Help?**

E: gill8@hotmail.co.uk

T: 07779 664 845

# IMMIGRATION ADVICE
## EVERY WEDNESDAY IN LEICESTER

Are you or your family facing problems with a UK immigration matter?

Has your application been refused, or are you worried about how to apply properly or lodge an appeal against the Home Office decision?

I, **Sital Singh Gill,** Founder & Immigration Lawyer at Gill Immigration Law Consultants, will be holding an Immigration Advice Surgery every week:

Surgery Every Wednesday, 6:30 PM Onward at
Guru Tegh Bahadur Gurdwara
East Park Road, Leicester

**Get free, confidential advice on:**

- ✓ Visitor visa refusals
- ✓ Reapplications
- ✓ Family visas
- ✓ British citizenship
- ✓ Spouse or student visas
- ✓ Any other UK immigration matter

**Contact: 0777 966 4845**
**Email: gill8@hotmail.co.uk**

Gill Immigration Law Consultants – Trusted Guidance for Our Community


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com Dhammawaves
E-mail : dhammawaves.info@gmail.com
Venerable Bhikkhuni Sumana
Dhamma Desna By : Bhikkhuni Sumana
Topic : Raising children with Buddhist values
बौद्ध मूल्यों के साथ बच्चों का पालन-पोषण
ਬੋਧੀ ਕਦਰਾਂ-ਕੀਮਤਾਂ ਨਾਲ ਬੱਚਿਆਂ ਦੀ ਪਰਵਰਿਸ਼
Topic: The Role of Moral Education in Creating a Better Future for Our Society
“हमारे समाज के बेहतर भविष्य के निर्माण में नैतिक शिक्षा की भूमिका”
Sunday July.27th,25 at 8 Pm Indian Time
Live on Facebook
Guest Speaker : Principal Chanchal Boudh
Bodhisatva Ambedkar Public Senior Secondary School Phoolpur Dhanal Jalandhar (Punjab)

# ਬਰਤਾਨੀਆ ਫੇਰੀ ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨਾਲ ਵੱਖ ਵੱਖ ਮੁੱਦਿਆਂ ਤੇ ਕੀਤੀ ਗੱਲਬਾਤ

## ਆਪਸੀ ਸਬੰਧ ਸੁਖਾਵੇ ਬਣਾਉਣ ਅਤੇ ਸਾਂਝੇਦਾਰੀ ਵਧਾਉਣ ਲਈ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਕਈ ਸਮਝੌਤਿਆਂ ਦੇ ਕੀਤੇ ਗਏ ਦਸਤਖ਼ਤ





**ਬਰਤਾਨੀਆ ਫੇਰੀ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੂੰ ਮਿਲਦੇ ਹੋਏ।** **ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਬੁੱਧਵਾਰ ਨੂੰ ਦੋ ਦਿਨਾਂ ਇੰਗਲੈਂਡ ਦੌਰੇ ਤੇ ਆਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਦੋ ਦੇਸ਼ਾਂ ਦੇ ਦੌਰੇ ਦੌਰਾਨ ਅੱਜ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੂੰ ਮਿਲੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਕੀਟ ਸਟਾਰਟਰ ਨਾਲ ਮੁਲਾਕਾਤ ਕਰਕੇ ਦੋਵਾਂ ਦੇਸ਼ਾਂ ਦੇ ਸੁਖਾਵੇਂ ਸਬੰਧਾਂ ਬਾਰੇ ਵਿਚਾਰ ਚਰਚਾ ਕੀਤੀ।ਇਸ ਮੁਲਾਕ-ਾਤ ਦੌਰਾਨ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਅਤੇ ਹੋਰ ਕਈ ਮੁੱਦਿਆਂ 'ਤੇ ਗੱਲਬਾਤ ਕੀਤੀ।ਇਸ ਦੌਰਾਨ ਮਹੱਤਵਪੂਰਨ ਮੁਫ਼ਤ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਤੋਂ ਇਲਾਵਾ, ਦੋਵਾਂ ਪ੍ਰਧਾਨ ਮੰਤਰੀਆਂ ਵੱਲੋਂ ਦੋਵਾਂ ਦੇਸ਼ਾਂ ਦੀ ਸਾਂਝੇਦਾਰੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ "ਯੂ.ਕੇ.-ਇੰਡੀਆ ਵਿਜ਼ਨ, 2035" ਦਾ ਉਦਘਾਟਨ ਕਰਨ ਦੀ ਵੀ ਉਮੀਦ ਜਿਤਾਈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਬ੍ਰਿਟੇਨ ਅਤੇ ਮਾਲਦੀਵ ਦੇ ਆਪਣੇ ਦੋ-ਦੇਸ਼ਾਂ ਦੇ ਦੌਰੇ ਦੇ ਹਿੱਸੇ ਵਜੋਂ ਇੰਗਲੈਂਡ ਪਹੁੰਚੇ ਸਨ। ਢਠਅ ਨੂੰ ਰਸਮੀ ਰੂਪ ਦੇਣਾ ਮੋਦੀ ਦੀ ਦੋ-ਦਿਨਾ ਇੰਗਲੈਂਡ ਫੇਰੀ ਦਾ ਇੱਕ ਮੁੱਖ ਆਕਰਸ਼ਣ ਹੋਵੇਗਾ। ਭਾਰਤ ਅਤੇ ਬ੍ਰਿਟੇਨ ਨੇ ਮਈ ਵਿੱਚ ਢਠਅ 'ਤੇ ਦਸਤਖਤ ਕੀਤੇ ਸਨ। ਇਸ ਸਮਝੌਤੇ ਨਾਲ 99 ਫ਼ੀਸਦੀ ਭਾਰਤੀ ਨਿਰਯਾਤ ਨੂੰ ਡਿਊਟੀ ਤੋਂ ਲਾਭ ਹੋਣ ਦੀ ਉਮੀਦ ਹੈ,ਅਤੇ ਬ੍ਰਿਟਿਸ਼ ਕੰਪਨੀਆਂ ਲਈ ਭਾਰਤ ਨੂੰ ਵਿਸਕੀ, ਕਾਰਾਂ ਅਤੇ ਹੋਰ ਉਤਪਾਦਾਂ ਦਾ ਨਿਰਯਾਤ ਕਰਨਾ ਆਸਾਨ ਹੋ ਜਾਵੇਗਾ, ਜਿਸ ਨਾਲ ਸਮੁੱਚੇ ਵਪਾਰ ਨੂੰ ਵੀ ਹੁਲਾਰਾ ਮਿਲੇਗਾ। ਆਪਣੀ ਦੋ ਦਿਨਾਂ ਇੰਗਲੈਂਡ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰਤਾਨੀਆ ਦੇ ਰਾਜਾ ਕਿੰਗ ਚਾਰਲਸ 3 ਨਾਲ ਵੀ ਮੁਲਾਕਾਤ ਕਰਨਗੇ ।

# ਅਮਰਨਾਥ ਯਾਤਰਾ ਸੇਵਾਵਾਂ ਦੇ 20 ਸਾਲ ਹੋਏ ਸੰਪੂਰਣ : ਬਣਿਆ ਇਤਿਹਾਸ : ਅਸ਼ੋਕ ਬਬਿਤਾ ਸੰਧੂ

## ਸਿਮ ਸਾਜਿਸ਼ : ਸੁਰੱਖਿਆ ਦੇ ਨਾਮ 'ਤੇ ਸਿਮ ਵੇਚਕੇ ਸ਼ਰਧਾਲੂਆਂ ਨਾਲ ਹੋ ਰਹੀ ਹੈ ਲੁੱਟ ਖਸੁੱਟ - ਦਿਨਕਰ ਸੰਧੂ

**ਨੂਰਮਹਿਲ (ਹਰਜਿੰਦਰ ਪਾਲ ਛਾਬੜਾ)** ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਅਤੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਅਗਵਾਈ ਹੇਠ ਸ਼੍ਰੀ ਹਿਮ ਸ਼ਿਵਲਿੰਗ ਦੇ ਦਰਸ਼ਨਾਂ ਲਈ ਪਰਿਵਾਰਿਕ ਮਾਹੌਲ ਵਿਚ ਗਿਆ 84 ਸ਼ਿਵ ਭਗਤਾਂ ਦਾ ਜਥਾ ਸ਼੍ਰੀ ਅਮਰਨਾਥ ਯਾਤਰਾ ਕਰਕੇ ਜਥਾ ਰਾਜੀ ਖੁਸ਼ੀ ਨੂਰਮਹਿਲ ਪਰਤ ਆਇਆ ਹੈ। ਮੰਡਲ ਦੀ ਮਹਿਲਾ ਵਿੰਗ ਦੀ ਪ੍ਰਧਾਨ ਲਾਇਨ ਬਬਿਤਾ ਸੰਧੂ ਨੇ ਦੱਸਿਆ ਯਾਤਰਾ ਸੰਪੂਰਣ ਹੋਣ ਨਾਲ ਲਗਾਤਾਰ 20ਵੀਂ ਵਾਰ ਯਾਤਰਾ ਸੇਵਾਵਾਂ ਪ੍ਰਦਾਨ ਕਰਨ ਦਾ ਨੂਰਮਹਿਲ ਇਲਾਕੇ ਸਮੇਤ ਜ਼ਿਲ੍ਹਾ ਜਲੰਧਰ ਵਿੱਚ ਇੱਕ ਇਤਿਹਾਸ ਬਣ ਗਿਆ ਹੈ। ਇਤਿਹਾਸ ਬਣਦੇ ਹੀ ਮੰਡਲ ਦੇ ਸੇਵਾਦਾਰਾਂ ਅਸ਼ੋਕ ਬਬਿਤਾ ਸੰਧੂ, ਦਿਨਕਰ ਜਸਪ੍ਰੀਤ ਕੌਰ ਸੰਧੂ, ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਸੋਮਿਨਾਂ ਸੰਧੂ ਸਮੇਤ ਅਤੇ ਯਾਤਰੀਆਂ ਨੇ ਸ਼੍ਰੀ ਹਿਮ ਸ਼ਿਵਲਿੰਗ ਜੀ ਦੇ ਦਰਸ਼ਨ ਕਰਨ ਉਪਰੰਤ ਪਾਵਣ ਪਵਿੱਤਰ ਗੁਫਾ ਦੇ ਬਾਹਰ ਸ਼ੁਕਰਾਨੇ ਵਜੋਂ ਉੱਚੀ ਅਵਾਜ਼ ਵਿੱਚ ਜੈਕਾਰੇ ਛੱਡੇ ਅਤੇ ਬਰਫਾਨੀ ਬਾਬਾ ਜੀ ਤੋਂ ਹਰ ਸਾਲ ਲਗਾਤਾਰ ਆਉਂਦੇ ਜਾਂਦੇ ਰਹਿਣ ਦਾ ਵਰਦਾਨ ਅਤੇ ਉੱਦਮ ਮੰਗਿਆ। ਮੰਡਲ ਦੇ ਸੇਵਾਦਾਰਾਂ ਅਤੇ ਯਾਤਰੀ ਰਮੇਸ਼ ਕੁਮਾਰ ਬੁਲ੍ਹੋਵਾਲ, ਐਨ.ਆਰ.ਆਈ ਬਲਜੀਤ ਕੌਰ ਸੰਗੂ, ਰਾਜਧਾਨੀ ਦਿੱਲੀ ਨੋਇਡਾ ਤੋਂ ਸੋਨਿਆਂ, ਲੁਧਿਆਣਾ ਤੋਂ ਸੂਰਜ, ਚੰਡੀਗੜ੍ਹ ਤੋਂ ਪਿਯੂਸ਼ ਮਲਹੋਤਰਾ, ਆਦਮਪੁਰ ਤੋਂ ਡਿੰਪਲ ਗੋਗਨਾ ਸਮੇਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਸ਼ਾਮਿਲ ਯਾਤਰੀਆਂ ਨੇ ਪ੍ਰਸ਼ਾਸਨ ਦੇ ਯਾਤਰਾ ਪ੍ਰਬੰਧਾਂ ਦੀ ਜਿੱਥੇ ਸ਼ਲਾਘਾ ਕੀਤੀ ਉੱਥੇ ਸ਼੍ਰੀਨਗਰ ਦੇ ਪੰਥਾ ਚੌਂਕ 'ਚ ਯਾਤਰੀਆਂ ਦੇ ਠਹਿਰਾਵ ਸਥਾਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ, ਕਿਹਾ ਕਿ ਯਾਤਰੀ ਨਿਵਾਸ ਵਿੱਚ ਯਾਤਰੀਆਂ ਨੂੰ ਭੇਡਾਂ ਬੱਕਰੀਆਂ ਵਾਂਗ ਤਾੜਨ ਉਪਰੰਤ ਰਾਤ ਨੂੰ ਟਾਟਾਂ 'ਤੇ ਸੌਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਉੱਥੇ ਪਹਿਲਾਂ ਤੋਂ ਮੌਜੂਦ ਯਾਤਰੀ ਆਪਣੇ ਕੀਮਤੀ ਸਮਾਨ ਜਿਵੇਂ ਮੋਬਾਈਲ, ਨਕਦੀ, ਬੈਗ ਆਦਿ ਗੁੰਮ ਹੋਣ ਦਾ ਰੌਲਾ ਪਾ ਰਹੇ ਸਨ। ਮੰਡਲ ਦੇ ਕੋਆਰਡੀਨੇਟਰ



**ਮੰਡਲ ਪ੍ਰਧਾਨ ਅਸ਼ੋਕ ਬਬਿਤਾ ਸੰਧੂ, ਆਂਚਲ ਸੰਧੂ ਸੋਖਲ, ਦਿਨਕਰ ਜਸਪ੍ਰੀਤ ਸੰਧੂ, ਸੋਮਿਨਾਂ ਸੰਧੂ ਅਤੇ ਸਾਥੀ ਯਾਤਰੀ 20ਵੀਆਂ ਯਾਤਰਾ ਸੇਵਾਵਾਂ ਸੰਪੂਰਣ ਹੋਣ ਦੀ ਖੁਸ਼ੀ ਵਿੱਚ ਬਰਫਾਨੀ ਬਾਬਾ ਦੇ ਸ਼ੁਕਰਾਨੇ ਵਜੋਂ ਗੁਫਾ ਦੇ ਬਾਹਰ ਜੈ-ਘੋਸ਼ ਕਰਦੇ ਹੋਏ।**

ਲਾਇਨ ਦਿਨਕਰ ਸੰਧੂ ਨੇ ਦੱਸਿਆ ਕਿ ਨਵੇਂ ਬਣੇ "ਸ਼੍ਰੀ ਪ੍ਰੇਮ ਚੰਦ ਗਰਗ ਭਵਨ" ਜਿਸਦਾ ਉਦਘਾਟਨ ਹੋਏ ਨੂੰ ਸਿਰਫ 10/12 ਦਿਨ ਹੀ ਹੋਏ ਹਨ, ਦੇ ਕਮਰਿਆਂ ਦੀਆਂ ਚੱਦਰਾਂ, ਸਿਰਹਾਣੇ ਅਤੇ ਟਾਇਲਟ ਸੀਟਾਂ ਐਨੀਆਂ ਗੰਦੀਆਂ ਸਨ ਕਿ ਸਾਨੂੰ ਅਲਾਟ ਕੀਤਾ ਗਿਆ ਕਮਰਾ ਛੱਡਣਾ ਪਿਆ ਅਤੇ ਮਸਾਂ ਹੀ ਸਾਨੂੰ ਸਾਫ ਕਮਰਾ ਮਿਲਿਆ। ਯਾਤਰੀ ਸੋਮਿਨਾਂ ਸੰਧੂ ਅਤੇ ਦਿਨਕਰ ਸੰਧੂ ਨੇ ਕਿਹਾ ਕਿ ਸੁਰੱਖਿਆ ਦੇ ਨਾਮ 'ਤੇ ਪੰਜਾਬ ਦੇ ਸਿਮ ਬੰਦ ਕਰਨਾ ਇੱਕ ਸਾਜਿਸ਼ ਹੈ, ਮੋਬਾਈਲ ਕੰਪਨੀਆਂ ਨੂੰ ਲਾਭ ਦੇਣ ਯਾਤਰੀਆਂ ਦੀ ਜੇਬ 'ਤੇ ਡਾਕਾ ਮਾਰਨ ਵਾਲੀ ਗੱਲ ਹੈ। ਉਹਨਾਂ ਕਿਹਾ ਜਿਸ ਯਾਤਰੀ ਦਾ ਸਿਮ ਜੰਮੂ ਪ੍ਰਵੇਸ਼ ਕਰਦਿਆਂ ਬੰਦ ਕਰ ਦਿੱਤਾ ਜਾਂਦਾ ਹੈ ਉਸਦਾ ਵ੍ਹਟਸਐਪ, ਫੇਸਬੁੱਕ, ਟੈਲੀਗਰਾਮ ਆਦਿ ਲੋਕਲ ਸਿਮ ਲੈਣ ਜਾਂ ਵਾਈ-ਫਾਈ ਰਾਹੀਂ ਬੇਰੋਕ-ਟੋਕ ਚਲਦੇ ਹਨ ਫਿਰ ਸੁਰੱਖਿਆ ਦੇ ਨਾਮ 'ਤੇ ਸਿਮ ਬੰਦ ਕਰਨਾ ਯਾਤਰੀ ਨੂੰ ਪ੍ਰੇਸ਼ਾਨ ਕਰਨ ਤੋਂ ਇਲਾਵਾ ਕੋਈ ਹੋਰ ਗੱਲ ਨਹੀਂ ਹੈ। ਮੰਗ ਕੀਤੀ ਗਈ ਹੈ ਕਿ ਹਰ ਯਾਤਰੀ ਦਾ ਆਪਣਾ ਸਿਮ ਚੱਲਣਾ ਚਾਹੀਦਾ ਹੈ ਤਾਂ ਕਿ ਐਨੀ ਔਖੀ ਯਾਤਰਾ ਦੌਰਾਨ ਉਸਦਾ ਆਪਣੇ ਪਰਿਵਾਰ ਅਤੇ ਕਾਰੋਬਾਰ ਨਾਲ ਸੁੱਖ-ਸਾਂਝ ਬਣੀ ਰਹੇ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਆਂਚਲ ਸੰਧੂ ਸੋਖਲ ਅਤੇ ਕਲੱਬ ਅਫਸਰ ਜਸਪ੍ਰੀਤ ਕੌਰ ਸੰਧੂ ਨੇ ਕਿਹਾ ਜੇਕਰ ਪ੍ਰਸ਼ਾਸਨ ਨੂੰ ਯਾਤਰੀਆਂ ਦੀ ਸਾਂਭ-ਸੰਭਾਲ-ਇੱਜ਼ਤ ਕਰਨ ਵਿੱਚ ਦਿੱਕਤ ਆੜੇ ਆਉਂਦੀ ਹੈ ਤਾਂ ਇਹ ਜ਼ਿੰਮੇਵਾਰੀ ਕਰੋੜਾਂ-ਅਰਬਾਂ ਖਰਚ ਕੇ ਦਿਨ ਰਾਤ ਸੇਵਾਵਾਂ ਦੇਣ ਵਾਲੇ ਭੰਡਾਰੇ ਵਾਲਿਆਂ ਨੂੰ ਦੇ ਦੇਣ, ਸੇਵਾ ਭੰਡਾਰੇ ਵਾਲਿਆਂ ਦੀ ਹੋਵੇਗੀ ਅਤੇ ਬੱਲੇ ਬੱਲੇ ਸ਼ਰਾਈਨ ਬੋਰਡ ਦੀ।

ਮੰਡਲ ਪ੍ਰਧਾਨ ਲਾਇਨ ਅਸ਼ੋਕ ਬਬਿਤਾ ਸੰਧੂ ਨੇ 20ਵੀਂ ਸ਼੍ਰੀ ਅਮਰਨਾਥ ਯਾਤਰਾ ਸੇਵਾਵਾਂ ਨੂੰ ਤਨ-ਮਨ-ਧਨ ਨਾਲ ਸੇਵਾ ਨਿਭਾ ਕੇ ਇਤਿਹਾਸ ਬਣਾਉਣ ਵਾਲੇ ਸਮੂਹ ਸ਼ਿਵ ਭਗਤਾਂ, ਜੀਅ ਜਾਨ ਲਗਾਕੇ ਭੰਡਾਰੇ ਲਗਾਉਣ ਵਾਲੇ, ਭਾਰਤ ਦੇਸ਼ ਦੇ ਜਵਾਨ, ਘੋੜੇ-ਪਿੱਠੂ ਸਮੇਤ ਬੇਜ਼ੁਬਾਨ ਘੋੜੇ-ਖੱਚਰਾਂ ਆਦਿ ਦਾ ਕੋਟਿ-ਕੋਟਿ ਧੰਨਵਾਦ ਕੀਤਾ ਜਿੰਨ੍ਹਾਂ ਸਦਕਾ ਸ਼੍ਰੀ ਅਮਰਨਾਥ ਯਾਤਰਾ ਹਰ ਸਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਹੋਰ ਬਲ ਮਿਲਦਾ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com